Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : #35 06-06-2025 www.samajweekly.com samajweekly @samajweekly samajweekly

## ਬੈਂਗਲੁਰੂ ਭਗਦੜ ’ਤੇ ਮੁੱਖ ਮੰਤਰੀ ਦੀ ਵੱਡੀ ਕਾਰਵਾਈ

# ਪੁਲਿਸ ਕਮਿਸ਼ਨਰ, ACP ਤੇ ਕਈ ਸੀਨੀਅਰ ਅਧਿਕਾਰੀ ਮੁਅੱਤਲ; ਜਾਂਚ ਕਮੇਟੀ ਬਣਾਈ

**ਨਵੀਂ ਦਿੱਲੀ :** ਕਰਨਾਟਕ ਸਰਕਾਰ ਨੇ ਬੈਂਗਲੁਰੂ ਭਗਦੜ ਦੇ ਸਬੰਧ ਵਿੱਚ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਨੇ ਪੁਲਿਸ ਕਮਿਸਨਰ, ਏਸੀਪੀ ਅਤੇ ਕਈ ਸੀਨੀਅਰ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਸ ਘਟਨਾ ਸਬੰਧੀ ਜਾਂਚ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ।

### ਆਰਸੀਬੀ ਖਿਲਾਫ ਐਫਆਈਆਰ ਦਰਜ

ਸਟੇਡੀਅਮ ਦੇ ਬਾਹਰ ਭਗਦੜ ਵਿੱਚ 11 ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਕਈ ਲੋਕ ਜਖਮੀ ਵੀ ਹੋਏ।

ਬੰਗਲੌਰ ਪੁਲਿਸ ਨੇ ਇਸ ਮਾਮਲੇ ਦਾ ਖੁਦ ਨੋਟਿਸ ਲਿਆ ਹੈ ਅਤੇ





ਆਰਸੀਬੀ ਵਿਰੁੱਧ ਐਫਆਈਆਰ ਦਰਜ ਕੀਤੀ ਹੈ।

### ਸਟੇਡੀਅਮ ਦੇ ਗੇਟ ‘ਤੇ ਮਚੀ ਹਫੜਾ-ਦਫੜੀ

ਆਈਪੀਐਲ ਦੇ 18ਵੇਂ ਸੀਜਨ ਦਾ ਚੈਂਪੀਅਨ ਬਣਿਆ ਆਰਸੀਬੀ ਬੁੱਧਵਾਰ ਨੂੰ ਬੰਗਲੁਰੂ ਵਿੱਚ ਜਿੱਤ ਪਰੇਡ ਕਰਨ ਜਾ ਰਿਹਾ ਸੀ।

ਟੀਮ ਦੇ ਚਿੰਨਾਸਵਾਮੀ ਸਟੇਡੀਅਮ ਪਹੁੰਚਣ ਤੋਂ ਪਹਿਲਾਂ ਹੀ ਸਟੇਡੀਅਮ ਦੇ ਬਾਹਰ ਲੱਖਾਂ ਪ੍ਰਸ਼ੰਸਕ ਇਕੱਠੇ ਹੋ ਗਏ। ਪ੍ਰਸਾਸਨ ਇੰਨੀ ਵੱਡੀ ਭੀੜ ਨੂੰ ਸੰਭਾਲਣ ਵਿੱਚ ਅਸਫਲ ਰਿਹਾ। ਸਟੇਡੀਅਮ ਦੇ ਗੇਟ ‘ਤੇ ਲੋਕਾਂ ਵਿੱਚ ਹਫੜਾ-ਦਫੜੀ ਮਚ ਗਈ।

## ‘ਤਾਂ ਵਾਪਸ ਚਲੇ ਜਾਓ’, ਪਾਕਿਸਤਾਨੀ ਨਾਗਰਿਕ ਨੂੰ ਸੁਪਰੀਮ ਕੋਰਟ ਦੀ ਸਪੱਸਟ ਚਿਤਾਵਨੀ; ਵੀਜਾ ਰੱਦ ਕਰਨ ਵਿਰੁੱਧ ਦਾਖਲ ਕੀਤੀ ਸੀ ਪਟੀਸਨ

**ਨਵੀਂ ਦਿੱਲੀ :** ਦੇਸ ਦੀ ਸਿਖਰਲੀ ਅਦਾਲਤ ਨੇ ਲੰਬੇ ਸਮੇਂ ਦੇ ਵੀਜੇ ‘ਤੇ ਗੋਆ ਵਿੱਚ ਰਹਿ ਰਹੇ ਇੱਕ ਪਾਕਿਸਤਾਨੀ ਨਾਗਰਿਕ ਦੀ ਪਟੀਸਨ ‘ਤੇ ਸੁਣਵਾਈ ਕੀਤੀ। ਪਾਕਿਸਤਾਨੀ ਨਾਗਰਿਕ ਦੇ ਵਕੀਲ ਨੇ ਕਿਹਾ ਕਿ ਪਟੀਸਨਕਰਤਾ 2016 ਤੋਂ ਗੋਆ ਵਿੱਚ ਰਹਿ ਰਿਹਾ ਹੈ, ਪਰ ਇੱਕ ਦਿਨ ਕੇਂਦਰ ਸਰਕਾਰ ਨੇ ਅਚਾਨਕ ਪਾਕਿਸਤਾਨੀ ਨਾਗਰਿਕਾਂ ਦੇ ਵੀਜੇ ਰੱਦ ਕਰ ਦਿੱਤੇ ਅਤੇ ਉਨ੍ਹਾਂ ਨੂੰ ਵਾਪਸ ਜਾਣ ਲਈ ਕਿਹਾ।



ਇਸ ‘ਤੇ ਸੁਪਰੀਮ ਕੋਰਟ ਨੇ ਕਿਹਾ, ‘ਫਿਰ ਵਾਪਸ ਚਲੇ ਜਾਓ।’ ਦਰਅਸਲ, ਪਹਿਲਗਾਮ ਹਮਲੇ ਤੋਂ ਬਾਅਦ, ਕੇਂਦਰ ਸਰਕਾਰ ਨੇ ਪਾਕਿਸਤਾਨ ਵਿਰੁੱਧ ਕਈ ਵੱਡੀਆਂ ਕਾਰਵਾਈਆਂ ਕੀਤੀਆਂ। ਇਸ ਵਿੱਚ ਪਾਕਿਸਤਾਨੀ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਵੀਜੇ ਰੱਦ ਕਰਨ ਦਾ ਫੈਸਲਾ ਵੀ ਸਾਮਲ ਸੀ।

**‘ਪਟੀਸਨਕਰਤਾ ਹਾਈ ਕੋਰਟ ਕਿਉਂ ਨਹੀਂ ਗਿਆ’** - ਗੋਆ ਵਿੱਚ ਰਹਿਣ ਵਾਲੇ ਇੱਕ ਪਾਕਿਸਤਾਨੀ ਨਾਗਰਿਕ ਨੇ ਅਦਾਲਤ ਵਿੱਚ ਪਟੀਸਨ ਦਾਇਰ ਕਰਕੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ। ਪਟੀਸਨ ਨੂੰ ਇੱਕ ਜਰੂਰੀ ਮਾਮਲੇ ਵਜੋਂ ਦਾਇਰ ਕੀਤਾ ਗਿਆ ਸੀ। ਇਹ ਮਾਮਲਾ ਜਸਟਿਸ ਸੰਜੇ ਕਰੋਲ ਅਤੇ ਜਸਟਿਸ ਸਤੀਸ ਚੰਦਰ ਸਰਮਾ ਦੇ ਬੈਂਚ ਦੇ ਸਾਹਮਣੇ ਆਇਆ।

ਜਦੋਂ ਅਦਾਲਤ ਨੇ ਕਿਹਾ ਕਿ ਤੁਹਾਨੂੰ ਵਾਪਸ ਚਲੇ ਜਾਣਾ ਚਾਹੀਦਾ ਹੈ, ਤਾਂ ਵਕੀਲ ਨੇ ਕਿਹਾ ਕਿ ਪਟੀਸਨਰ ਵਾਪਸ ਚਲਾ ਜਾਵੇਗਾ, ਪਰ ਉਸ ਦੇ ਕੇਸ ਦੀ ਸੁਣਵਾਈ ਹੋ ਸਕਦੀ ਹੈ। ਇਸ ਤੋਂ ਬਾਅਦ ਅਦਾਲਤ ਨੇ ਪੁੱਛਿਆ ਕਿ ਪਟੀਸਨਰ ਨੇ ਹਾਈ ਕੋਰਟ ਕਿਉਂ ਨਹੀਂ ਪਹੁੰਚਿਆ ਜਿਸਦਾ ਅਧਿਕਾਰ ਖੇਤਰ ਹੈ।

ਇਸ ‘ਤੇ ਵਕੀਲ ਨੇ ਜਵਾਬ ਦਿੱਤਾ ਕਿ ਪੁਲਿਸ ਪਟੀਸਨਕਰਤਾ ਕੋਲ ਆਈ ਸੀ। ਇਸ ਤੋਂ ਬਾਅਦ, ਸੁਪਰੀਮ ਕੋਰਟ ਨੇ ਮਾਮਲੇ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ। ਇਸ ਤੋਂ ਪਹਿਲਾਂ, ਇੱਕ ਮਾਮਲੇ ਦੀ ਸੁਣਵਾਈ ਕਰਦੇ ਹੋਏ, ਅਦਾਲਤ ਨੇ ਇੱਕ ਪਰਿਵਾਰ ਦੇ 6 ਮੈਂਬਰਾਂ ਨੂੰ ਵੀਜਾ ਖਤਮ ਹੋਣ ਤੋਂ ਬਾਅਦ ਵੀ ਦੇਸ ਵਿੱਚ ਰਹਿਣ ਦੇ ਦੋਸ ਵਿੱਚ ਪਾਕਿਸਤਾਨ ਨਾ ਭੇਜਣ ਲਈ ਕਿਹਾ ਸੀ, ਜਦੋਂ ਤੱਕ ਉਨ੍ਹਾਂ ਦੇ ਨਾਗਰਿਕਤਾ ਦੇ ਦਾਅਵੇ ਦੀ ਪੁਸਟੀ ਨਹੀਂ ਹੋ ਜਾਂਦੀ।

## ਟੈਰਿਫ ਦੇ ਮੁੱਦੇ ’ਤੇ ਅਮਰੀਕਾ-ਚੀਨ ਵਿਚਕਾਰ ਰੁਕੀ ਵਾਰਤਾ ਦੌਰਾਨ ਟਰੰਪ ਨੇ ਸੀ ਨਾਲ ਕੀਤੀ ਗੱਲਬਾਤ

**ਨਵੀਂ ਦਿੱਲੀ :** ਅਮਰੀਕਾ ਦੇ ਰਾਸਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸੀ ਜਿਨਪਿੰਗ ਨੇ ਦੋਵਾਂ ਦੇਸਾਂ ਵਿਚਕਾਰ ਰੁਕੀ ਹੋਈ ਵਾਰਤਾ ਦੌਰਾਨ ਆਪਸੀ ਗੱਲਬਾਤ ਕੀਤੀ। ਗੌਰਤਾਬ ਹੈ ਕਿ ਦੋਵਾਂ ਆਲਮੀ ਤਾਕਤਾਂ ਦਰਮਿਆਨ ਗੱਲਬਾਤ ਰੁਕਣ ਕਾਰਨ ਪੈਦਾ ਹੋਏ ਜਮੂਦ ਨੇ ਆਲਮੀ ਵਪਾਰ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੌਰਾਨ ਟਰੰਪ ਵੱਲੋਂ ਇਹ ਆਖੇ ਜਾਣ ਕਿ ਸ਼ੀ ਨਾਲ ਕਿਸੇ ਸਮਝੌਤੇ ਉਤੇ ਅੱਪੜਨਾ ਮੁਸ਼ਕਲ ਹੋਵੇਗਾ, ਵੀਰਵਾਰ ਨੂੰ ਦੋਵਾਂ ਆਗੂਆਂ ਦਰਮਿਆਨ ਇਹ ਚਰਚਾ ਹੋਈ।




ਟਰੰਪ ਨੇ ਬੁੱਧਵਾਰ ਨੂੰ ਆਪਣੀ ਸੋਸਲ ਮੀਡੀਆ ਸਾਈਟ ਟਰੁੱਥ ‘ਤੇ ਕੀਤੀ ਪੋਸਟ ਵਿਚ ਕਿਹਾ ਸੀ, “ਮੈਨੂੰ ਚੀਨ ਦੇ ਰਾਸਟਰਪਤੀ ਸੀ ਪਸੰਦ ਹਨ, ਹਮੇਸਾ ਰਹੇ ਹਨ, ਅਤੇ ਹਮੇਸਾ ਰਹਿਣਗੇ, ਪਰ ਉਹ ਬਹੁਤ ਅੜੀਅਲ ਹਨ, ਅਤੇ ਉਨ੍ਹਾਂ ਨਾਲ ਸਮਝੌਤਾ ਕਰਨਾ ਬਹੁਤ ਔਖਾ ਹੈ!!!”

ਗੌਰਤਲਬ ਹੈ ਕਿ 12 ਮਈ ਨੂੰ ਦੋਵਾਂ ਮੁਲਕਾਂ ਵਿਚਕਾਰ ਆਪਣੀਆਂ ਟੈਰਿਫ ਦਰਾਂ ਨੂੰ ਘਟਾਉਣ ਦੇ ਸਮਝੌਤੇ ਤੋਂ ਥੋੜ੍ਹੀ ਦੇਰ ਬਾਅਦ ਹੀ ਅਮਰੀਕਾ ਅਤੇ ਚੀਨ ਵਿਚਕਾਰ ਵਪਾਰਕ ਗੱਲਬਾਤ ਰੁਕ ਗਈ। ਇਸ ਤੋਂ ਪਹਿਲਾਂ ਦੋਵਾਂ ਨੇ ਗੱਲਬਾਤ ਯਕੀਨੀ ਬਣਾਉਣ ਲਈ ਹੀ ਟੈਰਿਫ ਦਰਾਂ ਘਟਾਈਆਂ ਸਨ। ਇਸ ਜਮੂਦ ਦਾ ਕਾਰਨ ਦੋਵਾਂ ਮੁਲਕਾਂ ਦਰਮਿਆਨ ਆਪੋ-ਆਪਣਾ ਮਾਲੀ ਦਬਦਬਾ ਕਾਇਮ ਕਰਨ ਲਈ ਜਾਰੀ ਜੋਰਦਾਰ ਮੁਕਾਬਲਾ ਹੀ ਹੈ।

# ਭਾਰਤ ਨਾਲ ਗੱਲਬਾਤ ਲਈ ਤਰਸ ਰਿਹਾ ਹੈ ਪਾਕਿਸਤਾਨ

## ਟਰੰਪ ਅੱਗੇ ਗਿੜਗਿੜਾਉਂਦੇ ਬੋਲੇ ਸਾਹਬਾਜ ਸਰੀਫ- ਮਦਦ ਕਰੋ



### ਭਾਰਤ ਨੇ ਆਪਣਾ ਸਟੈਂਡ ਸਪੱਸਟ ਕਰ ਦਿੱਤਾ ਹੈ

- ਭਾਰਤ, ਜੋ ਲੰਬੇ ਸਮੇਂ ਤੋਂ ਪਾਕਿਸਤਾਨ-ਪ੍ਰਯੋਜਿਤ ਅੱਤਵਾਦ ਤੋਂ ਪੀੜਤ ਹੈ, ਨੇ ਹਰ ਮੌਕੇ 'ਤੇ ਪਾਕਿਸਤਾਨ ਨੂੰ ਸਬਕ ਸਿਖਾਇਆ ਹੈ। ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ। ਪਾਕਿਸਤਾਨ ਪਾਣੀ ਦੀ ਹਰ ਬੂੰਦ ਲਈ ਤਰਸ ਰਿਹਾ ਹੈ ਅਤੇ ਲਗਾਤਾਰ ਭਾਰਤ ਨਾਲ ਗੱਲਬਾਤ ਦੀ ਪੇਸਕਸ ਕਰ ਰਿਹਾ ਹੈ।
- ਅਮਰੀਕਾ ਪਹੁੰਚੇ ਭਾਰਤੀ ਸੰਸਦ ਮੈਂਬਰਾਂ ਦੇ ਵਫਦ ਦੀ ਅਗਵਾਈ ਕਰ ਰਹੇ ਸਸੀ ਥਰੂਰ ਨੇ ਕਿਹਾ, 'ਅਮਰੀਕਾ ਸਮਝ ਗਿਆ ਹੈ ਕਿ ਭਾਰਤ ਦਾ ਸਟੈਂਡ ਸਪੱਸਟ ਹੈ ਕਿ ਜੇਕਰ ਤੁਹਾਡੇ ਸਿਰ 'ਤੇ ਬੰਦੂਕ ਤਾਣੀ ਹੋਈ ਹੈ ਤਾਂ ਕੋ-ਈ ਗੱਲਬਾਤ ਨਹੀਂ ਹੋਵੇਗੀ। ਜੇਕਰ ਤੁਹਾਡਾ ਗੁਆਂਢੀ ਆਪਣੇ ਕੁੱਤਿਆਂ ਨੂੰ ਤੁਹਾਡੇ ਬੱਚਿਆਂ ਨੂੰ ਵੱਢਣ ਲਈ ਛੱਡ ਦਿੰਦਾ ਹੈ ਅਤੇ ਫਿਰ ਕਹਿੰਦਾ ਹੈ ਕਿ ਆਓ ਗੱਲ ਕਰੀਏ। ਤੁਸੀਂ ਉਦੋਂ ਤੱਕ ਗੱਲ ਨਹੀਂ ਕਰੋਗੇ ਜਦੋਂ ਤੱਕ ਉਹ ਉਨ੍ਹਾਂ ਨੂੰ ਇੱਕ ਕੇਨਲ ਵਿੱਚ ਬੰਦ ਨਹੀਂ ਕਰ ਦਿੰਦਾ।'
- ਪਾਕਿਸਤਾਨ ਵੀ ਅੱਤਵਾਦ ਦਾ ਸ?ਿਕਾਰ ਹੋਣ ਦਾ ਦਾਅਵਾ ਕਰਦਾ ਹੈ। ਇਸ 'ਤੇ ਥਰੂਰ ਨੇ ਕਿਹਾ, "ਇਹ ਕਿਸਦੀ ਗਲਤੀ ਹੈ? ਤੁਸੀਂ ਆਪਣੇ ਵਿਹੜੇ ਵਿੱਚ ਸੱਪ ਪਾਲ ਨਹੀਂ ਸਕਦੇ ਅਤੇ ਉਨ੍ਹਾਂ ਤੋਂ ਸਿਰਫ ਤੁਹਾਡੇ ਗੁਆਂਢੀਆਂ ਨੂੰ ਡੰਗਣ ਦੀ ਉਮੀਦ ਨਹੀਂ ਕਰ ਸਕਦੇ। ਪਾਕਿਸਤਾਨ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਨਿਰਦੋਸ ਕਹਿਣਾ ਬੰਦ ਕਰਨਾ ਚਾਹੀਦਾ ਹੈ।'

**ਨਵੀਂ ਦਿੱਲੀ :** ਪੂਰੀ ਦੁਨੀਆ ਜਾਣਦੀ ਹੈ ਕਿ ਪਾਕਿਸਤਾਨ ਦੀ ਅਰਥਵਿਵਸਥਾ ਭੀਖ ਮੰਗਣ ਵਾਲੇ ਪੈਸੇ 'ਤੇ ਚੱਲਦੀ ਹੈ। ਪਰ ਪਾਕਿਸਤਾਨ ਨੂੰ ਭੀਖ ਮੰਗਣ ਦੀ ਅਜਿਹੀ ਆਦਤ ਹੈ ਕਿ ਇਹ ਜਾਂਦੀ ਹੀ ਨਹੀਂ ਹੈ।

ਕਦੇ ਪੈਸੇ ਲਈ, ਕਦੇ ਸਾਧਨਾਂ ਲਈ ਅਤੇ ਕਦੇ ਭੋਜਨ ਅਤੇ ਪਾਣੀ ਲਈ, ਪਾਕਿਸਤਾਨ ਦੁਨੀਆ ਵੱਲ ਆਪਣਾ ਹੱਥ ਵਧਾਉਣ ਤੋਂ ਨਹੀਂ ਝਿਜਕਦਾ।

ਹੁਣ ਸਾਹਬਾਜ ਸਰੀਫ ਨੇ ਇੱਕ ਵਾਰ ਫਿਰ ਅਮਰੀਕਾ ਵੱਲ ਹੱਥ ਵਧਾਏ ਹਨ। ਉਨ੍ਹਾਂ ਨੇ ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਨੂੰ ਭਾਰਤ ਨਾਲ ਗੱਲਬਾਤ ਕਰਨ ਦੀ ਬੇਨਤੀ ਕੀਤੀ ਹੈ। ਦਰਅਸਲ, ਭਾਰਤ ਨੇ ਪਾਕਿਸਤਾਨ ਨੂੰ ਸਪੱਸਟ ਸੰਦੇਸ ਦੇ ਦਿੱਤਾ ਹੈ ਕਿ ਜਦੋਂ ਤੱਕ ਉਹ ਅੱਤਵਾਦ ਨੂੰ ਖਤਮ ਨਹੀਂ ਕਰਦਾ, ਉਸ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ।

**ਪਾਕਿਸਤਾਨ ਨੇ ਅਮਰੀਕਾ ਨੂੰ ਦਿੱਤਾ ਸਿਹਰਾ** - ਸਾਹਬਾਜ ਸਰੀਫ ਇਸਲਾਮਾਬਾਦ ਸਥਿਤ ਅਮਰੀਕੀ ਦੂਤਾਵਾਸ ਵਿੱਚ ਇੱਕ ਪ੍ਰੋਗਰਾਮ ਵਿੱਚ ਸਾਮਲ ਹੋਣ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਨੇ ਭਾਰਤ ਨਾਲ ਤਣਾਅ ਘਟਾਉਣ ਲਈ ਡੋਨਾਲਡ ਟਰੰਪ ਦਾ ਧੰਨਵਾਦ ਕੀਤਾ।

ਸਰੀਫ ਨੇ ਟਰੰਪ ਨੂੰ ਭਾਰਤ ਨਾਲ ਗੱਲਬਾਤ ਦੀ ਸਹੂਲਤ ਦੇਣ ਦੀ ਵੀ ਅਪੀਲ ਕੀਤੀ। ਹਾਲਾਂਕਿ, ਭਾਰਤ ਦਾ ਸਪੱਸਟ ਵਿਚਾਰ ਹੈ ਕਿ ਕੋਈ ਵੀ ਤੀਜੀ ਧਿਰ ਗੱਲਬਾਤ ਵਿੱਚ ਸਾਮਲ ਨਹੀਂ ਹੋਵੇਗੀ।

ਤੁਹਾਨੂੰ ਦੱਸ ਦੇਈਏ ਕਿ ਪਾਕਿਸਤਾਨ ਨੇ ਕਈ ਵਾਰ ਜੰਗਬੰਦੀ ਦਾ ਸਿਹਰਾ ਅਮਰੀਕਾ ਨੂੰ ਦਿੱਤਾ ਹੈ।

ਜਦੋਂ ਕਿ ਭਾਰਤ ਨੇ ਇਸ ਤੋਂ ਸਾਫ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਸਾਬਕਾ ਵਿਦੇਸ ਮੰਤਰੀ ਬਿਲਾਵਲ ਭੁੱਟੋ ਨੇ ਵੀ ਕਿਹਾ ਸੀ ਕਿ ਟਰੰਪ ਨੇ ਲਗਭਗ 10 ਵੱਖ-ਵੱਖ ਮੌਕਿਆਂ 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿੱਚ ਮਦਦ ਕੀਤੀ ਸੀ, ਜਿਸ ਲਈ ਉਹ ਸਿਹਰਾ ਦੇ ਹੱਕਦਾਰ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editor
Manohar Birdi
+44 7411 251 804
Managing Editor
Rajveer Samra
+44 7412 970 999
Editorial Office
Samaj Weekly
Samaj Media Enterprise Ltd
Suite 507, Hawthorns House
Halfords Lane, Smethwick,
Birmingham U.K.,B66 1BB
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# Operation Blue Star 'ਚ ਯੂਕੇ ਦੀ ਭੂਮਿਕਾ : ਬਰਤਾਨਵੀ ਸਿੱਖ ਸੰਸਦ ਮੈਂਬਰਾਂ ਵੱਲੋਂ ਨਿਰਪੱਖ ਜਾਂਚ ਦੀ ਮੰਗ

## ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੱਸ ਅਤੇ ਜਸ ਅਠਵਾਲ ਨੇ ਬਰਤਾਨਵੀ ਸੰਸਦ 'ਚ ਮਸਲਾ ਰੱਖਿਆ

**ਲੰਡਨ :** ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੱਸ ਅਤੇ ਜਸ ਅਠਵਾਲ ਨੇ ਵੀਰਵਾਰ ਨੂੰ ਬਰਤਾਨਵੀ ਸੰਸਦ ਵਿੱਚ ਜੂਨ 1984 'ਚ ਭਾਰਤ ਦੇ ਵਿੱਚ ਤਤਕਾਲੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜਰਵੇਟਿਵ ਸਰਕਾਰ ਦੀ ਸਮੂਲੀਅਤ ਦੀ ਨਿਰਪੱਖ ਜਾਂਚ ਦੀ ਮੰਗ ਦੁਹਰਾਈ ਹੈ।

ਜੱਸ, ਜੋ ਉੱਤਰੀ ਇੰਗਲੈਂਡ ਦੇ ਵੁਲਵਰਹੈਂਪਟਨ ਵੈਸਟ ਵਿੱਚ ਲੇਬਰ ਪਾਰਟੀ ਦਾ ਪ੍ਰਤੀਨਿਧ ਹੈ, ਅਤੇ ਅਠਵਾਲ, ਜੋ ਦੇਸ ਦੇ ਪੂਰਬ ਵਿੱਚ ਇਲਫੋਰਡ ਸਾਊਥ ਤੋਂ ਲੇਬਰ ਐੱਮਪੀ ਹੈ, ਨੇ ਸੈਸ਼ਨ ਦੌਰਾਨ ਹਾਊਸ ਆਫ ਕਾਮਨਜ ਦੀ ਆਗੂ ਲੂਸੀ ਪਾਵੇਲ ਕੋਲ ਇਹ ਮਾਮਲਾ ਚੁੱਕਿਆ। ਉਨ੍ਹਾਂ ਨੇ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ Operation Blue Starਤਹਿਤ ਕੀਤੀ ਕਾਰਵਾਈ ਦੀ 41ਵੀਂ ਬਰਸੀ 'ਤੇ ਚਾਨਣਾ ਪਾਇਆ ਅਤੇ ਇਸ ਸਾਲ ਦੇ ਸੂਰੂ ਵਿੱਚ ਪਾਵੇਲ ਵੱਲੋਂ ਆਪਣੇ ਸਾਥੀ ਸਿੱਖ ਲੇਬਰ ਸੰਸਦ ਮੈਂਬਰ, ਤਨਮਨਜੀਤ ਸਿੰਘ ਢੇਸੀ (ਟੈਨ ਢੇਸੀ) ਨੂੰ ਦਿੱਤੇ ਗਏ ਭਰੋਸੇ ਵੱਲ ਇਸਾਰਾ ਕੀਤਾ। ਪਾਵੇਲ ਨੇ ਉਦੋਂ ਕਿਹਾ ਸੀ ਕਿ 'ਜੋ ਕੁਝ ਹੋਇਆ ਉਸ ਦੀ ਤਹਿ ਤੱਕ ਜਾਣ ਦੀ ਲੋੜ ਹੈ।'



ਜੱਸ ਨੇ ਕਿਹਾ, "2014 ਵਿੱਚ ਸਾਹਮਣੇ ਆਏ ਦਸਤਾਵੇਜਾਂ ਤੋਂ ਪਤਾ ਚੱਲਿਆ ਕਿ ਥੈਚਰ ਸਰਕਾਰ ਨੇ ਆਪ੍ਰੇਸਨ ਬਲੂ ਸਟਾਰ ਲਈ ਸਲਾਹ ਦੇ ਕੇ ਆਪਣੇ ਭਾਰਤੀ ਹਮਰੁਤਬਾ ਦੀ ਮਦਦ ਕੀਤੀ ਸੀ।" ਸਿੱਖ ਐੱਮਪੀ ਨੇ ਪੁੱਛਿਆ, "2014 ਤੋਂ ਹੀ ਬ੍ਰਿਟਿਸ਼ ਸਰਕਾਰ ਦੀ ਸ਼ਮੂਲੀਅਤ ਦੀ ਹੱਦ ਨਿਰਧਾਰਿਤ ਕਰਨ ਲਈ ਕਈ ਵਾਰ ਆਵਾਜ਼ ਚੁੱਕੀ ਗਈ ਤੇ ਕਈ ਭਰੋਸੇ ਵੀ ਦਿੱਤੇ ਗਏ। ਕੀ ਸਦਨ ਦੀ ਆਗੂ ਵੱਲੋਂ ਜੱਜ ਦੀ ਅਗਵਾਈ ਵਿਚ ਨਿਰਪੱਖ ਜਨਤਕ ਜਾਂਚ ਦਾ ਐਲਾਨ ਕੀਤਾ ਜਾਵੇਗਾ, ਤਾਂ ਕਿ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, ਜੋ ਕੁਝ ਹੋਇਆ, ਉਸ ਦੀ ਤਹਿ ਤੱਕ ਪਹੁੰਚਿਆ ਜਾ ਸਕੇ।"

ਪਾਵੇਲ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੀਆਂ ਚਿੰਤਾਵਾਂ ਨੂੰ ਸਵੀਕਾਰ ਕਰਦੇ ਹੋਏ ਜਵਾਬ ਦਿੱਤਾ ਕਿ ਇਹ ਮਸਲਾ ਆਖਰੀ ਵਾਰ ਜਨਵਰੀ ਦੇ ਸੂਰੂ ਵਿੱਚ ਉਠਾਏ ਜਾਣ ਤੋਂ ਬਾਅਦ ਉਨ੍ਹਾਂ ਕੋਲ ਇਸ ਬਾਰੇ ਕੋਈ ਹੋਰ ਅਪਡੇਟ ਨਹੀਂ ਹੈ। ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਪਹਿਲੀ ਮੰਗ ਕੁਝ ਸਾਲ ਪਹਿਲਾਂ ਉਦੋਂ ਉੱਠੀ ਸੀ ਜਦੋਂ ਇਹ ਤੱਥ ਸਾਹਮਣੇ ਆਇਆ ਸੀ ਕਿ ਤੋਂ ਪਹਿਲਾਂ ਭਾਰਤੀ ਫੌਜਾਂ ਨੂੰ ਬਰਤਾਨੀਆ ਵੱਲੋਂ ਫੌਜੀ ਕਾਰਵਾਈ ਸਬੰਧੀ ਸਲਾਹ ਮਸ਼ਵਰਾ ਦਿੱਤਾ ਗਿਆ ਸੀ। ਤਤਕਾਲੀ ਬ੍ਰਿਟਿਸ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਇਸ ਤੱਥ ਦੀ ਅੰਦਰੂਨੀ ਸਮੀਖਿਆ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਬਰਤਾਨਵੀ ਸੰਸਦ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਬ੍ਰਿਟੇਨ ਦੀ ਭੂਮਿਕਾ ਪੂਰੀ ਤਰ੍ਹਾਂ 'ਸਲਾਹਕਾਰੀ' ਸੀ ਅਤੇ ਵਿਸੇਸ ਹਵਾਈ ਸੇਵਾ () ਦੀ ਸਲਾਹ ਦਾ ਜੂਨ 1984 ਵਿੱਚ 'ਤੇ 'ਸੀਮਤ ਅਸਰ' ਸੀ।

# ਘੱਲੂਘਾਰਾ ਦਿਵਸ: ਜਥੇਦਾਰ ਗੜਗੱਜ ਦੇ ਸਿੱਖ ਸੰਗਤ ਨੂੰ ਸੰਬੋਧਨ ਬਾਰੇ ਬੇਯਕੀਨੀ ਬਰਕਰਾਰ



**ਅੰਮ੍ਰਿਤਸਰ** : ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ 41ਵੀਂ ਬਰਸੀ ਨੂੰ ਲੈ ਕੇ ਭਲਕੇ 6 ਜੂਨ ਨੂੰ ਸ੍ਰੀ ਅਕਾਲ ਤਖਤ ਵਿਖੇ ਸਮੂਹ ਸਹੀਦਾਂ ਦੀ ਯਾਦ ਵਿੱਚ ਅਖੰਡ ਪਾਠ ਦੇ ਭੋਗ ਪੈਣਗੇ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮਾਗਮ ਦੌਰਾਨ ਸਿੱਖ ਸੰਗਤ ਨੂੰ ਸੰਬੋਧਨ ਕਰਨਗੇ ਜਾਂ ਨਹੀਂ, ਇਸ ਬਾਰੇ ਬੇਯਕੀਨੀ ਬਰਕਰਾਰ ਹੈ। ਉਧਰ ਦਮਦਮੀ ਟਕਸਾਲ ਅਤੇ ਨਿਹੰਗ ਸਿੰਘ ਜਥੇਬੰਦੀਆਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪ੍ਰਵਾਨਿਤ ਜਥੇਦਾਰ ਮੰਨਣ ਤੋਂ ਨਾਂਹ ਕਰਦਿਆਂ ਆਪਣੇ ਫੈਸਲੇ ’ਤੇ ਅਡਿੱਗ ਹਨ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਅੱਜ ਮੁੜ ਆਖਿਆ ਹੈ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖਤ ਤੋਂ ਸੰਦੇਸ ਪੜ੍ਹਨ ਅਤੇ ਸਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਨ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦਮਦਮੀ ਟਕਸਾਲ ਆਪਣੇ ਫੈਸਲੇ ’ਤੇ ਕਾਇਮ ਹੈ ਅਤੇ ਆਪਣਾ ਸਟੈਂਡ ਸਪਸਟ ਕਰ ਚੁੱਕੀ ਹੈ। ਉਨ੍ਹਾਂ ਇਸ ਮਾਮਲੇ ਦੇ ਹੱਲ ਲਈ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਸਬੰਧੀ ਚਰਚਾ ਨੂੰ ਗਲਤ ਦੱਸਦਿਆਂ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀ ਕੋਈ ਮੀਟਿੰਗ ਨਹੀਂ ਹੋਈ ਹੈ ਅਤੇ ਇਸ ਤਰ੍ਹਾਂ ਦੀਆਂ ਅਫਵਾਹਾਂ ਤੋਂ ਸੰਗਤ ਸੁਚੇਤ ਰਹੇ।

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਕਿਸੇ ਵੀ ਤਰ੍ਹਾਂ ਦੇ ਹੋਣ ਵਾਲੇ ਟਕਰਾਅ ਨੂੰ ਟਾਲਣ ਸਬੰਧੀ ਲਗਾਤਾਰ ਯਤਨ ਜਾਰੀ ਹਨ। ਸ੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਬੰਧਾਂ ਨੂੰ ਲੈ ਕੇ ਜਿੱਥੇ ਸ੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ, ਉੱਥੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਪੁਲੀਸ ਕਮਿਸਨਰ ਅਤੇ ਹੋਰ ਅਧਿਕਾਰੀ ਵੀ ਉਨ੍ਹਾਂ ਨੂੰ ਮਿਲੇ ਹਨ। ਜਾਣਕਾਰੀ ਅਨੁਸਾਰ ਸ੍ਰੋਮਣੀ ਕਮੇਟੀ ਯਤਨ ਕਰ ਰਹੀ ਹੈ ਕਿ ਟਕਰਾਅ ਨੂੰ ਟਾਲਣ ਵਾਸਤੇ ਅਰਦਾਸ ਸਮਾਗਮ ਦੌਰਾਨ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਸਿੱਖ ਸੰਗਤ ਨੂੰ ਸੰਬੋਧਨ ਤੋਂ ਗੁਰੇਜ ਕੀਤਾ ਜਾਵੇ।

ਉਨ੍ਹਾਂ ਲੰਘੇ ਦਿਨ ਕਿਹਾ ਸੀ ਕਿ 6 ਜੂਨ ਨੂੰ ਹੋਣ ਵਾਲਾ ਘੱਲੂਘਾਰਾ ਦਿਵਸ ਸਮਾਗਮ ਸਾਂਤੀ ਪੂਰਵਕ ਹੋਵੇਗਾ। ਉਧਰ ਪੁਲੀਸ ਕਮਿਸਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਮੀਡੀਆ ਨਾਲ ਗੱਲ ਕਰਦਿਆਂ ਆਖਿਆ ਕਿ ਘੱਲੂਘਾਰਾ ਦਿਵਸ ਸਮਾਗਮ ਦੌਰਾਨ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਅਤੇ ਕਿਸੇ ਨੂੰ ਵੀ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਵਿਗਾੜਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੁਰੱਖਿਆ ਪ੍ਰਬੰਧਾਂ ਦੇ ਵਾਸਤੇ ਵੱਖ-ਵੱਖ ਜਿ?ਲ੍ਹਿਆਂ ਤੋਂ ਵੀ ਪੁਲੀਸ ਸੁਰੱਖਿਆ ਬਲ ਮੰਗਵਾਏ ਗਏ ਹਨ।

# ਨਸ਼ਿਆਂ ਵਿਰੁੱਧ ਜਨ-ਜਾਗਰੂਕਤਾ ਅੰਦੋਲਨ ਵਿੱਢਿਆ ਜਾਵੇ - ਲਲਿਤ ਮੋਹਨ ਪਾਠਕ

## ਨਸ਼ਿਆਂ ਦੇ ਖਾਤਮੇ ਲਈ ਪਿੰਡ ਕੋਟ ਰਾਂਝਾ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** - ਪੰਜਾਬ ਸਰਕਾਰ ਦੀ ‘ਯੁੱਧ ਨਸਿਆਂ ਵਿਰੁੱਧ’ ਮੁਹਿੰਮ ਤਹਿਤ ‘ਨਸਾ ਮੁਕਤੀ ਯਾਤਰਾ’ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਅੱਜ 3 ਜੂਨ ਨੂੰ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਅਧੀਨ ਪੈਂਦੇ ਪਿੰਡ ਕੋਟ ਰਾਂਝਾ ਦੇ ਨਿਵਾਸੀਆਂ ਨੂੰ ਨਸਿਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਸਰਗਰਮ ਯੋਗਦਾਨ ਪਾਉਣ ਲਈ ਸਹੁੰ ਚੁਕਾਈ ਗਈ। ਇਸ ਮੌਕੇ ਨਵਾਂਸ਼ਹਿਰ ਦੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਨੇ ਪਿੰਡ ਦੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਵੀ ਨਸ਼ਿਆਂ ਖਿਲਾਫ ਆਪਣੇ ਪੱਧਰ ‘ਤੇ ਜਨ ਜਾਗਰੂਕਤਾ ਅੰਦੋਲਨ ਵਿੱਢਣ ਅਤੇ ਕਿਸੇ ਵੀ ਨਸਿਆਂ ਨੂੰ ਉਤਸਾਹਿਤ ਕਰਨ ਵਾਲੇ ਵਿਅਕਤੀ ਨਾਲ ਮਿਲਵਰਤਨ ਤੋਂ ਗੁਰੇਜ ਕਰਨ ਤਾਂ ਜੋ ਯੁੱਧ ਨਸ਼ਿਆਂ ਵਿਰੁੱਧ ਮਹਿੰਮ ਨੂੰ ਲੋਕ ਲਹਿਰ ਬਣਾਇਆ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੀ ਪੀੜ੍ਹੀ ਦੇ ਸੁਨਿਹਰੀ ਭਵਿੱਖ ਲਈ ਪੰਜਾਬ ਨੂੰ ਮੁੜ ਕੁਸ਼ਤੀਆਂ, ਅਖਾੜਿਆਂ ਤੇ ਭੰਗੜੇ, ਗਿੱਧਿਆਂ ਵਾਲਾ ਪੰਜਾਬ ਬਣਾਉਣਾ ਸਮੇਂ ਦੀ ਲੋੜ ਹੈ। ਇਸ ਲਈ ਜਿ?ਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੀ ਲੋੜ ‘ਤੇ ਜੋਰ ਦੇਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਸਿਆਂ ਨੂੰ ਜੜੋਂ ਖਤਮ ਕਰਨ ਲਈ ਨੌਜਵਾਨ ਵਰਗ ਦੇ ਸਹਿਯੋਗ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਹਰ ਵਿਅਕਤੀ ਘਰ, ਸਮਾਜ ਅਤੇ ਜਿਲ੍ਹੇ ਨੂੰ ਨਸਾ ਮੁਕਤ ਕਰਨ ਦਾ ਪ੍ਰਣ ਲਵੇ। ਇਸ ਮੌਕੇ ਉਨਾਂ ਨਾਲ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ, ਬੀ.ਡੀ.ਪੀ.ਓ. ਰਾਜਵਿੰਦਰ ਕੌਰ, ਡਾ ਰਣਜੀਤ ਹਰੀਸ਼, ਪਿੰਡਾਂ ਦੀਆਂ ਪੰਚਾਇਤਾਂ ਅਤੇ ਪਿੰਡ ਦੇ ਪਤਵੰਤੇ ਸਾਥੀ ਹਾਜਰ ਸਨ।

# ਪਿੰਡ ਸੀਚੇਵਾਲ ਵਿਖੇ ਬੂਟੇ ਲਗਾ ਕਿ ਮਨਾਇਆ ਗਿਆ ਵਿਸ਼ਵ ਵਾਤਾਵਰਣ ਦਿਵਸ

## ਪੰਜਾਬ ਦੀ ਚੱਪਾ-ਚੱਪਾ ਧਰਤੀ ਨੂੰ ਰੁੱਖਾਂ ਨਾਲ ਭਰਨ ਦੀ ਅਪੀਲ, ਸੰਤ ਸੀਚੇਵਾਲ ਵਲੋਂ ਬੂਟਿਆਂ ਦਾ ਵੰਡਿਆ ਪ੍ਰਸ਼ਾਦ ਵੰਡਣ ਦੀ ਪਾਈ ਪਿਰਤ ਨੂੰ ਮਿਲ ਰਿਹਾ ਹੈ ਭੰਗਵਾਂ ਹੁੰਗਾਰਾ: ਸੁਰਜੀਤ ਸਿੰਘ ਸੀਚੇਵਾਲ





**ਸੀਚੇਵਾਲ/ਸੁਲਤਾਨਪੁਰ ਲੋਧੀ, ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਵਿਸ਼ਵ ਵਾਤਾਵਰਣ ਦਿਵਸ ਮੌਕੇ ਨਿਰਮਲ ਕੁਟੀਆ ਸੀਚੇਵਾਲ ਵਿਖੇ ਸੰਗਤਾਂ ਵਲੋਂ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਦੇ ਕੰਪਲੈਕਸ ਵਿੱਚ ਬੂਟੇ ਲਗਾ ਕਿ ਮਨਾਇਆ ਗਿਆ। ਇਸ ਮੌਕੇ ਸੁਰਜੀਤ ਸਿੰਘ ਸੀਚੇਵਾਲ ਨੇ ਦੱਸਿਆ ਕਿ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੀ ਅਗਵਾਈ ਹੇਠ ਹਰ ਸਾਲ ਪਿੰਡ ਸੀਚੇਵਾਲ ਵਿਖੇ ਸੰਗਤਾਂ ਵਲੋਂ ਵਾਤਾਵਰਣ ਦਿਵਸ ਮੌਕੇ ਜਿੱਥੇ ਬੂਟੇ ਲਗਾਏ ਜਾਂਦੇ ਹਨ ਓਥੇ ਹੀ ਵੱਡੀ ਗਿਣਤੀ ਵਿੱਚ ਇਹਨਾਂ ਬੂਟਿਆਂ ਦਾ ਪ੍ਰਸ਼ਾਦ ਵੀ ਸੰਗਤਾਂ ਨੂੰ ਦਿੱਤਾ ਜਾਂਦਾ ਹੈ। ਸੁਰਜੀਤ ਸਿੰਘ ਨੇ ਦੱਸਿਆ ਕਿ ਸੰਤ ਸੀਚੇਵਾਲ ਵਲੋਂ ਬੂਟਿਆਂ ਦਾ ਪ੍ਰਸ਼ਾਦ ਵੰਡਣ ਦੀ ਪਾਈ ਪਿਰਤ ਨੂੰ ਪੂਰੇ ਪੰਜਾਬ ਵਿਚੋਂ ਭੰਗਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਹਰ ਸਾਲ ਪਿੰਡ ਸੀਚੇਵਾਲ ਵਿਖੇ ਸੰਗਤਾਂ ਨੂੰ ਲੱਖਾਂ ਦੇ ਕਰੀਬ ਬੂਟੇ ਮੁਫਤ ਵਿੱਚ ਦਿਤੇ ਜਾ ਰਹੇ ਹਨ।

ਉਹਨਾਂ ਦੱਸਿਆ ਕਿ ਸੰਤ ਸੀਚੇਵਾਲ ਦਾ ਸੁਫਨਾ ਹੈ ਕਿ ਪੰਜਾਬ ਦੇ ਚੱਪੇ ਚੱਪੇ ਨੂੰ ਬੂਟਿਆਂ ਨਾਲ ਭਰਿਆ ਜਾਵੇ ਤਾਂ ਜੋ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀਆ ਬਣਾਇਆ ਜਾ ਸਕੇ। ਉਹਨਾਂ ਦੱਸਿਆ ਕਿ ਵਾਤਾਵਰਣ ਪਖੋਂ ਅੱਜ ਪੰਜਾਬ ਦੇ ਹਲਾਤ ਬਹੁਤ ਨਾਜੁਕ ਬਣੇ ਹੋਏ ਹਨ, ਜਿਸ ਨਾਲ ਕੇਵਲ ਵੱਧ ਤੋਂ ਵੱਧ ਬੂਟੇ ਲਗਾ ਕੇ ਹੀ ਨਜਿੱਠਿਆ ਜਾ ਸਕਦਾ ਹੈ।

ਸੁਰਜੀਤ ਸਿੰਘ ਸੀਚੇਵਾਲ ਨੇ ਕਿਹਾ ਕਿ ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਅੱਜ ਰੇਗਸਤਾਨ ਬਣਨ ਵੱਲ ਵੱਧ ਰਹੀ ਹੈ। ਉਹਨਾਂ ਕਿਹਾ ਕਿ ਜਿਸ ਧਰਤੀ ਤੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਕੁਲ ਲੋਕਾਈ ਨੂੰ ਵਾਤਾਵਰਨ ਦੀ ਅਹਿਮੀਅਤ ਦਾ ਸੁਨੇਹਾ ਪੰਜ ਸਦੀਆਂ ਪਹਿਲਾਂ ਦਿੱਤਾ ਗਿਆ ਸੀ ਉਹੀ ਧਰਤੀ ਪਾਣੀ ਨੂੰ ਤਰਸਣ ਜਾ ਰਹੀ ਹੈ। ਇਸ ਮੌਕੇ ਸੰਤ ਅਵਤਾਰ ਸਿੰਘ ਯਾਦਗਾਰੀ ਨਰਸਰੀ ਸੀਚੇਵਾਲ ਵਿੱਚੋਂ ਲਿਆਂਦੇ ਗਏ ਬੂਟਿਆਂ ਦਾ ਪ੍ਰਸ਼ਾਦ ਸੰਗਤਾਂ ਨੂੰ ਵੰਡਿਆ ਗਿਆ। ਇਸ ਮੌਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਮਹੰਤ ਜਤਿੰਦਰ ਸਿੰਘ, ਪਰਮਜੀਤ ਸਿੰਘ ਮਾਨਸਾ, ਸੈਕਟਰੀ ਅਜੀਤ ਸਿੰਘ, ਅਨਮੋਲ ਸਿੰਘ ਅਤੇ ਸੰਗਤ ਹਾਜ਼ਰ ਸੀ।

# ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸ਼ਹੀਦੀ ਗੁਰਮਤਿ ਸਮਾਗਮ



**ਬੰਗਾ** - ਯੁੱਗੋ ਯੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸ਼ਹੀਦੀ ਗੁਰਮਤਿ ਸਮਾਗਮ ਅੱਜ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਅੱਜ ਸਵੇਰੇ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਮੂਹ ਸੰਗਤਾਂ ਅਤੇ ਵਿਦਿਆਰਥੀਆਂ ਵੱਲੋਂ ਸੰਗਤੀ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ । ਉਪਰੰਤ ਸ਼ਹੀਦੀ ਗੁਰਮਤਿ ਸਮਾਗਮ ਵਿਚ ਭਾਈ ਗੁਰਬਚਨ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ । ਇਸ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਨੇ ਵੀ ਗੁਰਬਾਣੀ ਕੀਰਤਨ ਨਾਲ ਸਮਾਗਮ ਵਿਚ ਹਾਜ਼ਰੀਆਂ ਭਰੀਆਂ।

ਸਮਾਗਮ ਵਿਚ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ ਨੇ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਨੂੰ ਯਾਦ ਕੀਤਾ ਅਤੇ ਇਸ ਦੀ ਮਹਾਨਤਾ ਬਾਰੇ ਦੱਸਦੇ ਕਿਹਾ ਕਿ ਗੁਰੂ ਜੀ ਨੇ ਸਾਨੂੰ ਸਾਰਿਆਂ ਨੂੰ ਪ੍ਰਮਾਤਮਾ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ ਹੈ । ਸ. ਢਾਹਾਂ ਦੇ ਗੁਰੂ ਜੀ ਦੀ ਅਦੁੱਤੀ ਸ਼ਹਾਦਤ ਅਤੇ ਗੁਰੂ ਅਰਜਨ ਦੇਵ ਜੀ ਦੇ ਬਚਪਨ ਤੋਂ ਲੈ ਕੇ ਸ਼ਹੀਦ ਹੋਣ ਤੱਕ ਦੇ ਗੁਰ ਇਤਿਹਾਸ ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਜਾਣੂੰ ਕਰਵਾਇਆ । ਹਰਦੇਵ ਸਿੰਘ ਕਾਹਮਾ ਸਾਬਕਾ ਪ੍ਰਧਾਨ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ ਅਤੇ ਗੁਰੂ ਸਾਹਿਬ ਦੇ ਦਰਸਾਏ ਸੇਵਾ ਤੇ ਸਿਮਰਨ ਦੇ ਰਾਹ ਚੱਲਦੇ ਹੋਏ ਸੰਗਤਾਂ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਲਈ ਪ੍ਰੇਰਿਆ । ਸ. ਕਾਹਮਾ ਨੇ ਸਮਾਜ ਵਿਚ ਵੱਧ ਰਹੀਆਂ ਬੁਰਾਈਆਂ ਪ੍ਰਤੀ ਵੀ ਸੰਗਤਾਂ ਨੂੰ ਚੇਤੰਨ ਕੀਤਾ ।

# ਸਰਕਾਰੀ ਕਾਲਜ ਵਿੱਚ "ਵਿਸਵ ਵਾਤਾਵਰਣ ਦਿਵਸ" ਮਨਾਇਆ



**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਕਾਲਜ, ਹੁਸਿਆਰਪੁਰ ਵਿੱਚ, ਕਾਲਜ ਦੇ ਵਾਈਸ ਪ੍ਰਿੰਸੀਪਲ ਵਿਜੇ ਕੁਮਾਰ ਦੀ ਪ੍ਰਧਾਨਗੀ ਹੇਠ, 22-05-2025 ਤੋਂ 05-06-2025 ਤੱਕ ਮਨਾਏ ਜਾ ਰਹੇ "ਵਿਸਵ ਵਾਤਾਵਰਣ ਦਿਵਸ" ਦੇ ਮੌਕੇ 'ਤੇ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਗਏ ਤਾਂ ਜੋ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਈ ਜਾ ਸਕੇ ਤਾਂ ਜੋ ਅਸੀਂ ਇਸ ਦਿਨ ਨੂੰ ਮਨਾਉਣ ਦੇ ਉਦੇਸ ਵਿੱਚ ਸਫਲ ਹੋ ਸਕੀਏ।

ਪ੍ਰੋ. ਵਿਜੇ ਕੁਮਾਰ ਨੇ ਇਸ ਦਿਨ ਆਪਣੇ ਵਿਚਾਰ ਪੇਸ ਕਰਦੇ ਹੋਏ ਕਿਹਾ ਕਿ ਜੇਕਰ ਅਸੀਂ ਇਸ ਧਰਤੀ 'ਤੇ ਵਾਤਾਵਰਣ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਧਰਤੀ ਦਾ ਵਿਨਾਸ ਨਿਸਚਿਤ ਹੈ। ਸਾਨੂੰ ਇਸਨੂੰ ਤਿੰਨਾਂ ਰੂਪਾਂ ਜਿਵੇਂ ਕਿ ਪਾਣੀ, ਹਵਾ ਅਤੇ ਮਿੱਟੀ ਵਿੱਚ ਬਚਾਉਣਾ ਪਵੇਗਾ ਅਤੇ ਇਸਨੂੰ ਸਾਫ ਰੱਖਣਾ ਪਵੇਗਾ ਤਾਂ ਜੋ ਧਰਤੀ 'ਤੇ ਜੀਵਨ ਬਚਾਇਆ ਜਾ ਸਕੇ। ਸਾਨੂੰ ਹਰ ਤਰ੍ਹਾਂ ਦੀ ਸਫਾਈ ਦਾ ਖਾਸ ਧਿਆਨ ਰੱਖਣਾ ਪਵੇਗਾ, ਤਾਂ ਹੀ ਅਸੀਂ ਸਿਹਤਮੰਦ ਅਤੇ ਤੰਦਰੁਸਤ ਰਹਿ ਸਕਾਂਗੇ। ਇਸ ਮੌਕੇ 'ਤੇ, ਇਸ ਸਾਲ ਦੇ ਥੀਮ 'ਪਲਾਸਟਿਕ ਪ੍ਰਦੂਸਣ ਨੂੰ ਖਤਮ ਕਰਨਾ' ਦੇ ਆਧਾਰ 'ਤੇ, ਰੈੱਡ ਰਿਬਨ ਕਲੱਬ ਅਤੇ ਐਨਐਸਐਸ ਦੇ ਵਿਦਿਆਰਥੀਆਂ ਨੇ ਲੋਕਾਂ ਨੂੰ ਇਸਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਇਸਦੀ ਵਰਤੋਂ ਨਾ ਕਰਨ ਲਈ ਉਤਸਾਹਿਤ ਕੀਤਾ। ਵਿਦਿਆਰਥੀ ਸਾਹਿਲ, ਅਰਸ ਅਤੇ ਵਿਦਿਆਰਥਣ ਖੁਸਬੂ ਨੇ ਇਸਨੂੰ ਇਕੱਠਾ ਕੀਤਾ ਤਾਂ ਜੋ ਇਸਦੇ ਕੋਈ ਮਾੜੇ ਨਤੀਜੇ ਨਾ ਹੋਣ। "ਮਾਂ ਦੇ ਨਾਮ ਤੇ ਇੱਕ ਰੁੱਖ" ਦੇ ਵਿਸੇ 'ਤੇ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਆਪਣੇ ਘਰਾਂ ਦੇ ਆਲੇ-ਦੁਆਲੇ ਰੁੱਖ ਲਗਾਏ। ਵਿਦਿਆਰਥੀਆਂ ਵੱਲੋਂ ਪੋਸਟਰ ਬਣਾ ਕੇ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਈ ਗਈ। ਇਮਾਨਦਾਰੀ ਨਾਲ ਵਾਤਾਵਰਣ ਦੀ ਸੰਭਾਲ ਕਰਨ ਦੇ ਪ੍ਰੋ. ਸਹੁੰ ਵਿਜੇ ਕੁਮਾਰ ਨੇ ਚੁਕਾਈ। ਘਰਾਂ ਦੇ ਆਲੇ-ਦੁਆਲੇ ਸਫਾਈ ਵੀ ਕੀਤੀ ਗਈ। ਇਸ ਪੰਦਰਵਾੜੇ ਦੌਰਾਨ ਲਗਾਤਾਰ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ।

# ਵਾਤਾਵਰਣ ਨੂੰ ਸੰਭਾਲੇ ਬਿਨਾਂ ਜਿੰਦਗੀ ਦੀ ਕਲਪਨਾ ਕਰਨਾ ਵੀ ਔਖਾ ਹੈ - ਸੰਜੀਵ ਅਰੋੜਾ



**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)** - ਭਾਰਤ ਵਿਕਾਸ ਪ੍ਰੀਸਦ ਵੱਲੋਂ ਵਿਸਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਚੇਅਰਮੈਨ ਅਤੇ ਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਦੀ ਅਗਵਾਈ ਹੇਠ ਇੱਕ ਵਿਸੇਸ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਵਾਤਾਵਰਣ ਦੀ ਦੇਖਭਾਲ ਕੀਤੇ ਬਿਨਾਂ ਅਸੀਂ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕਰ ਸਕਦੇ, ਇਸ ਲਈ ਜਰੂਰੀ ਹੈ ਕਿ ਅਸੀਂ ਸਮੇਂ-ਸਮੇਂ 'ਤੇ ਪੌਦੇ ਲਗਾਉਂਦੇ ਰਹੀਏ ਅਤੇ ਲਗਾਏ ਗਏ ਰੁੱਖਾਂ ਦੀ ਦੇਖਭਾਲ ਵੀ ਕਰੀਏ ਕਿਉਂਕਿ ਉਹ ਰੁੱਖਾਂ ਦਾ ਪੌਦਾ ਹੈ। ਉਹ ਰੂਪ ਧਾਰਨ ਕਰਕੇ ਜਿੱਥੇ ਤੁਸੀਂ ਹਵਾ ਨੂੰ ਸੁੱਧ ਕਰਦੇ ਹੋ, ਉੱਥੇ ਹੀ ਛਾਂ ਅਤੇ ਫਲ ਦੇ ਕੇ ਧਰਤੀ ਨੂੰ ਹੋਰ ਸੁੰਦਰ ਬਣਾ ਸਕਦੇ ਹੋ। ਅਤੇ ਸ੍ਰੀ ਅਰੋੜਾ ਨੇ ਕਿਹਾ ਕਿ ਸਾਨੂੰ ਹਰ ਖੁਸੀ ਦੇ ਮੌਕੇ 'ਤੇ ਯਾਦਗਾਰੀ ਰਹਿਣ ਲਈ ਰੁੱਖ ਲਗਾਉਣੇ ਚਾਹੀਦੇ ਹਨ। ਇਸ ਮੌਕੇ ਸਕੱਤਰ ਰਾਜਿੰਦਰ ਮੋਦਗਿਲ ਅਤੇ ਅਸਵਨੀ ਕੁਮਾਰ ਦੱਤਾ ਨੇ ਕਿਹਾ ਕਿ ਬਰਸਾਤ ਦੇ ਦਿਨਾਂ ਵਿੱਚ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਜਦੋਂ ਕਿ ਪੌਦਿਆਂ ਅਤੇ ਰੁੱਖਾਂ ਦੀ ਸੁਰੱਖਿਆ ਯਕੀਨੀ ਨਹੀਂ ਹੋਣੀ ਚਾਹੀਦੀ। ਜਿਸ ਨਾਲ ਸਾਡਾ ਵਾਤਾਵਰਣ ਜਿੰਨਾ ਸਾਫ ਹੋਵੇਗਾ, ਸਾਡਾ ਜੀਵਨ ਓਨਾ ਹੀ ਖੁਸਹਾਲ ਹੋਵੇਗਾ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ, ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਹੈ, ਗੰਭੀਰ ਬਿਮਾਰੀਆਂ ਦਾ ਡਰ ਰਹਿੰਦਾ ਹੈ। ਇਸ ਲਈ ਘਰ ਤੋਂ। ਬਾਜਾਰ ਜਾਂਦੇ ਸਮੇਂ ਘਰ ਤੋਂ ਕੱਪੜੇ ਜਾਂ ਭਾਂਡਿਆਂ ਆਦਿ ਦਾ ਇੱਕ ਥੈਲਾ ਜਰੂਰ ਲੈ ਕੇ ਜਾਓ। ਇਸ ਦੌਰਾਨ ਹੋਰ ਬੁਲਾਰਿਆਂ ਨੇ ਵੀ ਵਾਤਾਵਰਣ ਦਿਵਸ 'ਤੇ ਆਪਣੇ ਵਿਚਾਰ ਪੇਸ ਕੀਤੇ ਅਤੇ ਵਾਤਾਵਰਣ ਸੁਰੱਖਿਆ ਦਾ ਸੰਦੇਸ ਵੀ ਦਿੱਤਾ। ਇਸ ਮੌਕੇ ਵਿਜੇ ਅਰੋੜਾ, ਜਗਦੀਸ ਅਗਰਵਾਲ, ਅਮਰਜੀਤ ਸਰਮਾ, ਪਰਵੀਨ ਖੁਰਾਨਾ, ਐੱਚ. ਵਟਸਐਪ ਨੱਕੜਾ ਅਤੇ ਹੋਰ ਮੌਜੂਦ ਸਨ।

# ਬਹੁ ਰੰਗ ਕਲਾ ਮੰਚ ਵਲੋਂ "ਵਿਸਵ ਵਾਤਾਵਰਣ ਦਿਵਸ" ਤੇ ਪੌਦਿਆਂ ਦੀ ਵੰਡ ਤੇ ਵਾਤਾਵਰਨ ਸੰਬੰਧੀ ਸਮਾਗਮ ਕਰਵਾਇਆ

**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਅੱਜ 'ਵਿਸਵ ਵਾਤਾਵਰਣ ਦਿਵਸ' ਦੇ ਮੌਕੇ 'ਤੇ, ਬਹੁ-ਰੰਗ ਕਲਾ ਮੰਚ ਹੁਸਿਆਰਪੁਰ ਵੱਲੋਂ 'ਮੇਰਾ ਭਾਰਤ ਹੁਸਿਆਰਪੁਰ ਦੇ ਨਿਰਦੇਸਾਂ ਹੇਠ ਵਾਤਾਵਰਣ ਦੀ ਸੰਭਾਲ ਅਤੇ ਪੌਦਿਆਂ ਦੀ ਵੰਡ ਸੰਬੰਧੀ ਇੱਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸੇਵਾਮੁਕਤ ਲੈਫਟੀਨੈਂਟ ਜਨਰਲ ਜੇ.ਐਸ. ਢਿੱਲੋਂ, ਪ੍ਰੋ. ਅਜੀਤ ਸਿੰਘ ਜੱਬਲ, ਮੈਨ ਐਂਡ ਨੇਚਰ ਫਾਊਂਡੇਸਨ ਦੇ ਜਰਨੈਲ ਸਿੰਘ ਸੀਕਰੀ ਅਤੇ ਨੌਰਥ ਮਲਟੀਪਲ ਐਲੀ ਦੇ ਚੇਅਰਮੈਨ ਰਮੇਸ ਕੁਮਾਰ ਵਿਸੇਸ ਤੌਰ 'ਤੇ ਪਹੁੰਚੇ। ਇਸ ਪ੍ਰੋਗਰਾਮ ਦੇ ਮੈਨੇਜਰ ਵਿਕਰਮਪ੍ਰੀਤ ਸਿੰਘ ਸਨ ਅਤੇ ਰਾਏ ਐਰੋਬਿਕਸ ਸੈਂਟਰ ਦੇ ਟ੍ਰੇਨਰ ਆਸੀਸ ਪੁਰੀ ਸਨ। ਪ੍ਰੋਗਰਾਮ ਦਾ ਸੰਚਾਲਨ ਅਸੋਕ ਪੁਰੀ ਨੇ ਕੀਤਾ। ਲੈਫਟੀਨੈਂਟ ਜਨਰਲ ਜੇ.ਐਸ. ਢਿੱਲੋਂ ਨੇ ਕਿਹਾ ਕਿ ਅਸੀਂ ਜ਼ਿੰਦਗੀ ਵਿੱਚ ਰੁੱਖਾਂ ਦੀ ਮਹੱਤਤਾ ਨੂੰ ਭੁੱਲ ਕੇ ਆਸਾਨੀ ਨਾਲ ਨਹੀਂ ਰਹਿ ਸਕਦੇ। ਮਨੁੱਖ, ਆਕਸੀਜਨ ਅਤੇ ਰੁੱਖ ਜੀਵਨ ਦਾ ਇੱਕ ਸਾਨਦਾਰ ਚੱਕਰ ਹਨ। ਇਸ ਮੌਕੇ ਜਰਨੈਲ ਸਿੰਘ ਸੀਕਰੀ ਨੇ ਕਿਹਾ ਕਿ ਮਨੁੱਖੀ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਨੂੰ ਸਮਝਦੇ ਹੋਏ, ਉਹ ਪਿਛਲੇ 16 ਸਾਲਾਂ ਤੋਂ 500 ਪਿੱਪਲ ਅਤੇ ਬੋਹੜ ਦੇ ਰੁੱਖ ਲਗਾ ਰਹੇ ਹਨ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਤੋਂ ਬਾਅਦ, ਉਨ੍ਹਾਂ ਨੇ ਹੁਣ 1000 ਪਿੱਪਲ ਅਤੇ ਬੋਹੜ ਦੇ ਰੁੱਖ ਲਗਾਉਣ ਦਾ ਟੀਚਾ ਰੱਖਿਆ ਹੈ। ਇਸ ਮੌਕੇ 'ਤੇ ਮਾਸਟਰ ਸੁਰਿੰਦਰ ਪਾਲ ਅਤੇ ਮਾਸਟਰ ਦੀਪਕ ਜੀ ਵੀ ਉਨ੍ਹਾਂ ਦੇ ਨਾਲ ਪ੍ਰੋਗਰਾਮ ਵਿੱਚ ਸਾਮਲ ਹੋਏ। ਕ੍ਰਿਸਨ ਲਾਲ ਖੁੱਲਰ, ਜੇ.ਐਸ. ਮਾਡਲ ਟਾਊਨ ਕਲੱਬ ਵਿਖੇ ਹੋਏ ਇਸ ਸਮਾਗਮ ਵਿੱਚ ਸੋਢੀ, ਗੁਰਸਰਨ ਕੌਰ ਢਿੱਲੋਂ ਅਤੇ ਯੋਗਰਾਜ ਨਾਕਰਾ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰੋਗਰਾਮ ਡਾਇਰੈਕਟਰ ਅਸੋਕ ਪੁਰੀ ਨੇ ਕਿਹਾ ਕਿ ਮਨੁੱਖ ਰੁੱਖਾਂ ਤੋਂ ਬਿਨਾਂ ਨਹੀਂ ਰਹਿ ਸਕਦਾ। ਅਸੀਂ ਰੁੱਖਾਂ ਤੋਂ ਆਕਸੀਜਨ ਲੈ ਕੇ ਜਿਉਂਦੇ ਹਾਂ ਅਤੇ ਸਾਡੀ ਮੌਤ ਤੋਂ ਬਾਅਦ, ਸਾਡੇ ਅੰਤਿਮ ਸੰਸਕਾਰ ਲੱਕੜ ਤੋਂ ਬਿਨਾਂ ਨਹੀਂ ਕੀਤੇ ਜਾ ਸਕਦੇ।

ਇਸ ਮੌਕੇ ਲੈਫਟੀਨੈਂਟ ਜਨਰਲ ਜੇ.ਐਸ. ਢਿੱਲੋਂ, ਮੈਡਮ ਗੁਰਸਰਨ ਕੌਰ ਢਿੱਲੋਂ ਅਤੇ ਜਰਨੈਲ ਸਿੰਘ ਸੀਕਰੀ ਨੂੰ ਵਾਤਾਵਰਣ ਪ੍ਰਤੀ ਉਨ੍ਹਾਂ ਦੇ ਕੰਮ ਲਈ "ਮਾਈ ਭਾਰਤ ਹੁਸਿਆਰਪੁਰ" ਦੁਆਰਾ ਸਨਮਾਨਿਤ ਕੀਤਾ ਗਿਆ।



# ਮੈਗਸੀਪਾ ਨੇ ਲੀਡਰਸਿਪ ਅਤੇ ਕਪੈਸਟੀ ਬਿਲਡਿੰਗ ਸਬੰਧੀ ਕਰਵਾਇਆ ਟ੍ਰੇਨਿੰਗ ਪ੍ਰੋਗਰਾਮ

**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ) -** ਡਿਪਟੀ ਕਮਿਸਨਰ, ਹੁਸਿਆਰਪੁਰ ਆਸਿਕਾ ਜੈਨ ਦੀ ਅਗਵਾਈ ਹੇਠ ਹੁਸ਼ਿਆਰਪੁਰ ਜਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਲੀਡਰਸਿਪ ਅਤੇ ਕਪੈਸਟੀ ਬਿਲਡਿੰਗ ਸਬੰਧੀ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆਫ ਪਬਲਿਕ ਐਡਮਿਨਿਸਟ੍ਰੇਸਨ (ਮੈਗਸੀਪਾ) ਦੇ ਰੀਜਨਲ ਸੈਂਟਰ ਜਲੰਧਰ ਵੱਲੋਂ ਲਗਾਇਆ ਗਿਆ ਤਿੰਨ ਦਿਨਾ ਟ੍ਰੇਨਿੰਗ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਰੀਜਨਲ ਪ੍ਰੋਜੈਕਟ ਡਾਇਰੈਕਟਰ ਜਲੰਧਰ ਪਿਰਥੀ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਰਵਾਏ ਇਸ ਟ੍ਰੇਨਿੰਗ ਪ੍ਰੋਗਰਾਮ ਵਿਚ 29 ਅਧਿਕਾਰੀਆਂ ਨੇ ਭਾਗ ਲਿਆ। ਟ੍ਰੇਨਿੰਗ ਦੌਰਾਨ ਵੱਖ-ਵੱਖ ਰਿਸੋਰਸ ਪਰਸਨਜ ਵੱਲੋਂ 10 ਵਿਸ਼ਿਆਂ 'ਤੇ ਗਿਆਨ ਭਰਪੂਰ ਅਤੇ ਤਜਰਬਿਆਂ ਤੇ ਅਧਾਰਿਤ ਪ੍ਰੈਜ਼ੈਂਟੇਸਨਜ ਅਤੇ ਪ੍ਰੈਕਟੀਕਲ ਸਿੱਖਿਆ ਦਿੱਤੀ । ਇਨ੍ਹਾਂ ਵਿਸਿਆਂ ਵਿਚ ਮੌਟੀਵੇਸਨ, ਕਮਿਊਨੀਕੇਸਨ, ਟੀਮ ਬਿਲਡਿੰਗ, ਸਟ੍ਰੈਸ ਮੈਨੇਜਮੈਂਟ, ਟਾਈਮ ਮੈਨੇਜਮੈਂਟ, ਲੀਡਰਸ਼ਿਪ ਸਟਾਈਲ ਅਤੇ ਰੋਲ ਤੋਂ ਇਲਾਵਾ ਇਮੋਸਨਲ ਇੰਟੈਲੀਜੈਂਸ, ਕਨਫਲਿਕਟ ਮੈਨੇਜਮੈਂਟ, ਐਥੀਕਲ ਲੀਡਰਸ਼ਿਪ ਵਿਸ਼ਿਆਂ 'ਤੇ ਸਿਖਲਾਈ ਦਿੱਤੀ ਗਈ ਕਿ ਇਹ ਅਜਿਹੀਆਂ ਪ੍ਰਸਥਿਤੀਆਂ ਵਿਚ ਆਪ ਕਿਵੇਂ ਉੱਭਰਨਾ ਹੈ



ਅਤੇ ਦਫਤਰਾਂ ਤੇ ਸਮਾਜ ਦਾ ਮਾਹੌਲ ਕਿਵੇਂ ਸਕਾਰਾਤਮਕ ਰੱਖਣਾ ਹੈ। ਆਪਣੀ ਡਿਊਟੀ ਪ੍ਰਤੀ ਇਮਾਨਦਾਰੀ, ਸਮੇ ਸਿਰ ਦਫਤਰਾਂ ਵਿਚ ਪ੍ਰੁੱਜਣਾ, ਬਾਹਰੋਂ ਆਏ ਵਿਅਕਤੀਆਂ ਦਾ ਸਤਿਕਾਰ ਕਰਨਾ ਤੇ ਬਿਨਾਂ ਉਨ੍ਹਾਂ ਦਾ ਸਮਾ ਗਵਾਇਆਂ ਜਲਦੀ ਤੋਂ ਜਲਦੀ ਬੜੇ ਪਿਆਰ ਨਾਲ ਨਿਪਟਾਇਆ ਜਾਵੇ। ਇਸ ਨੂੰ ਆਦਤ ਬਣਾ ਲਿਆ ਜਾਵੇ ਅਤੇ ਆਪਣੇ ਸਾਥੀ ਕਰਮਚਾਰੀਆਂ ਨਾਲ ਪਰਿਵਾਰ ਵਰਗਾ ਪਿਆਰ ਰੱਖਿਆ ਜਾਵੇ। ਇਸ ਤੋਂ ਇਲਾਵਾ ਸਰੀਰ ਨੂੰ ਤੰਦਰੁਸਤ ਰੱਖਣ ਲਈ ਨੁਕਤੇ ਵੀ ਸਾਂਝੇ ਕੀਤੇ ਗਏ।

ਰਿਸੋਰਸ ਪਰਸਨਾਂ ਵਿਚ ਡਾ. ਏਵਨ ਕੁਮਾਰ ਵੈਦ, ਪ੍ਰਿੰਸੀਪਲ ਰਾਜੇਸਵਰ ਸਲਾਰੀਆ, ਸੇਵਾਮੁਕਤ ਉਪ ਜ਼ਿਲ੍ਹਾ ਸਿੱਖਿਆ ਅਫਸਰ ਕਰਨ ਬੀਰ ਸਿੰਘ, ਸੇਵਾਮੁਕਤ ਡਿਪਟੀ ਜੋਨਲ ਮੈਨੇਜਰ, ਪੰਜਾਬ ਨੈਸਨਲ ਬੈਂਕ, ਡਾ. ਸਰਲਾ ਨਿਰੰਕਾਰੀ ਪ੍ਰਿੰਸੀਪਲ ਅਤੇ ਡਾ. ਅਮਨਪ੍ਰੀਤ ਕੌਰ ਨੇ ਲੈਕਚਰ ਦਿੱਤੇ।

ਪ੍ਰਤੀਭਾਗੀਆਂ ਨੇ ਆਨਲਾਈਨ ਫੀਡਬੈਕ ਦਿੱਤੀ ਅਤੇ ਵਿਚਾਰ ਦਿੰਦਿਆਂ ਕਿਹਾ ਕਿ ਅਜਿਹੀ ਸਿਖਲਾਈ ਹਰੇਕ ਮਹੀਨੇ ਅਤੇ ਸਾਰੇ ਦਫਤਰਾਂ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜਰੂਰ ਦਿੱਤੀ ਜਾਵੇ। ਉਨ੍ਹਾਂ ਡਿਪਟੀ ਕਮਿਸਨਰ ਹੁਸ਼ਿਆਰਪੁਰ ਅਤੇ ਮੈਗਸੀਪਾ ਦੇ ਨਾਲ- ਨਾਲ ਕੇਂਦਰੀ ਸਰਕਾਰ ਦੇ ਪਰਸੋਨਲ ਅਤੇ ਸਿਖਲਾਈ ਵਿਭਾਗ ਦਾ ਵੀ ਧੰਨਵਾਦ ਕੀਤਾ। ਅੰਤ ਵਿਚ ਮੈਗਸੀਪਾ ਵੱਲੋਂ ਡਿਪਟੀ ਕਮਿਸਨਰ ਅਤੇ ਜਿਲ੍ਹਾ ਅਧਿਕਾਰੀਆ ਦਾ ਭਵਿੱਖ ਵਿਚ ਵੀ ਪਹਿਲਾਂ ਅਤੇ ਹੁਣ ਦੀ ਤਰ੍ਹਾਂ ਸਹਿਯੋਗ ਲਈ ਕਹਿੰਦਿਆਂ ਧੰਨਵਾਦ ਕੀਤਾ। ਗਰੁੱਪ ਫੋਟੋ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।




## ਰਾਜਪਾਲ ਗੁਲਾਬ ਚੰਦ ਕਟਾਰੀਆ 8 ਜੂਨ ਨੂੰ ਹੁਸਿਆਰਪੁਰ ਦਾ ਕਰਨਗੇ ਦੌਰਾ

**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸਨਰ ਆਸਿਕਾ ਜੈਨ ਨੇ ਦੱਸਿਆ ਕਿ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 8 ਜੂਨ ਨੂੰ ਹੁਸਿਆਰਪੁਰ ਦੇ ਦੌਰੇ 'ਤੇ ਆ ਰਹੇ ਹਨ। ਇਸ ਦੌਰਾਨ ਉਹ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦਾ ਨਿਰੀਖਣ ਕਰਨਗੇ ਅਤੇ ਨਸਾ ਛੁਡਾਉ ਯਤਨਾਂ ਦਾ ਜਾਇਜਾ ਲੈਣਗੇ। ਇਸ ਤੋਂ ਬਾਅਦ ਉਹ ਡੀ.ਏ.ਵੀ ਕਾਲਜ ਆਫ ਐਜੂਕੇਸਨ ਵਿਖੇ ਆਯੋਜਿਤ ਇਕ ਵਿਸੇਸ ਪ੍ਰੋਗਰਾਮ ਵਿਚ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸੰਬੋਧਨ ਕਰਨਗੇ। ਡਿਪਟੀ ਕਮਿਸਨਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਸ ਦੌਰੇ ਦੀਆਂ ਤਿਆਰੀਆਂ ਸਬੰਧੀ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜਪਾਲ ਦੇ ਆਉਣ ਲਈ ਸਾਰੀਆਂ ਜਰੂਰੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸਨਰ ਨੇ ਕਿਹਾ ਕਿ ਰਾਜਪਾਲ ਦੇ ਦੌਰੇ ਨੂੰ ਸਫਲ ਬਣਾਉਣ ਲਈ ਸੁਰੱਖਿਆ ਪ੍ਰਬੰਧਾਂ ਅਤੇ ਪ੍ਰੋਗਰਾਮ ਦੀਆਂ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗਾਂ ਨੂੰ ਸਮਾਗਮ ਦੌਰਾਨ ਸੁਚਾਰੂ ਢੰਗ ਨਾਲ ਕੰਮ ਕਰਨ ਦੇ ਨਿਰਦੇਸ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਸਾਰੇ ਵਿਭਾਗ ਸਮਾਗਮ ਦੇ ਪ੍ਰਬੰਧਾਂ ਸਬੰਧੀ ਆਪਸੀ ਤਾਲਮੇਲ ਨਾਲ ਕੰਮ ਕਰਨ। ਉਨ੍ਹਾਂ ਅਧਿਕਾਰੀਆਂ ਨੂੰ ਸਾਰੀਆਂ ਤਿਆਰੀਆਂ ਨੂੰ ਸਮੇਂ ਸਿਰ ਅੰਤਿਮ ਰੂਪ ਦੇਣ ਅਤੇ ਕੰਮ ਵਿਚ ਕੋਈ ਵੀ ਲਾਪਰਵਾਹੀ ਨਾ ਵਰਤਣ ਦੇ ਨਿਰਦੇਸ ਵੀ ਦਿੱਤੇ।

## ਪਰਵਿੰਦਰ ਭੰਗਲ ਦਾ ਬਤੌਰ ਹੈੱਡਮਾਸਟਰ ਤਰੱਕੀ ਹੋਣ ਉਪਰੰਤ ਸਟਾਫ ਵੱਲੋਂ ਸਨਮਾਨ



**ਨਵਾਂਸਹਿਰ ( ਚਰਨਜੀਤ ਸੱਲ੍ਹਾਂ )** ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੂੰ ਮੁੱਖ ਅਧਿਆਪਕ ਵਜੋਂ ਤਰੱਕੀ ਹੋਣ ਉਪਰੰਤ ਸਮੂਹ ਸਟਾਫ ਮੈਂਬਰਾਂ ਵੱਲੋਂ ਚਾਂਦੀ ਦਾ ਕੜਾ,ਸਨਮਾਨ ਚਿੰਨ੍ਹ ਅਤੇ ਲੋਈ ਭੇਂਟ ਕਰਦਿਆਂ ਸਨਮਾਨਿਤ ਕੀਤਾ ਗਿਆ। ਸਮਾਰੋਹ ਸਬੰਧੀ ਜਾਣਕਾਰੀ ਦਿੰਦਿਆ ਸਕੂਲ ਇੰਚਾਰਜ ਨੀਰਜ ਕੁਮਾਰੀ ਸਟੇਟ ਅਵਾਰਡੀ ਨੇ ਦੱਸਿਆ ਕਿ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਦੀ ਭੰਗਲ ਖੁਰਦ ਸਕੂਲ ਨੂੰ ਖਾਸ ਦੇਣ ਹੈ।ਸਕੂਲ ਅਤੇ ਵਿੱਚ ਦੇ ਸਰਵਪੱਖੀ ਵਿਕਾਸ ਲਈ ਉਹਨਾਂ ਵੱਲੋਂ ਦਿੱਤੇ ਵੱਡਮੁੱਲੇ ਯੋਗਦਾਨ ਲਈ ਉਹਨਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ। ਭੰਗਲ ਖੁਰਦ ਸਕੂਲ ਦੇ ਸਾਬਕਾ ਪੀਅਨ ਕਮ ਚੌਕੀਦਾਰ ਸੁਰਜੀਤ ਸਿੰਘ ਵੱਲੋਂ ਵੀ ਉਹਨਾਂ ਨੂੰ ਇਸ ਮੌਕੇ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਵੱਲੋਂ ਸਮੂਹ ਸਟਾਫ ਮੈਂਬਰਾਂ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਵਿਦਿਆਰਥੀਆਂ ਦੀ ਵਜੀਫਾ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਅਤੇ ਸਕੂਲ ਦੇ ਵਿਕਾਸ ਵਿੱਚ ਸਹਿਯੋਗ ਦਿੰਦੇ ਰਹਿਣਗੇ।ਇਸ ਮੌਕੇ ਨੀਰਜ ਕੁਮਾਰੀ ਸਟੇਟ ਅਵਾਰਡੀ,ਹਰਜੀਤ ਕੌਰ, ਮਨਜਿੰਦਰ ਕੌਰ, ਸੁਪਿੰਦਰ ਕੌਰ, ਜਸਵਿੰਦਰ ਕੌਰ, ਜੋਤੀ ਅਤੇ ਸੁਰਜੀਤ ਸਿੰਘ ਹਾਜ਼ਰ ਸਨ।

# ਹੋਣਹਾਰ ਬੱਚੇ 31 ਜੁਲਾਈ ਤੱਕ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਰਜਿਸਟ੍ਰੇਸ਼ਨ ਕਰਵਾਉਣ - ਡੀ ਸੀ

**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਯੋਗਦਾਨ, ਬਹਾਦਰੀ ਅਤੇ ਵਿਸ਼ੇਸ਼ ਉਪਲਬਧੀਆਂ ਵਾਲੇ ਬੱਚਿਆਂ ਨੂੰ ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਵੱਲੋਂ ਦਿੱਤੇ ਜਾਂਦੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਲੋੜੀਂਦੀ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਬਾਰੇ ਜਾਣਕਾਰੀ ਦਿੰਦਿਆ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਇਹ ਪੁਰਸਕਾਰ ਹਰ ਸਾਲ ਉਹਨਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਵਿਲੱਖਣ ਬਹਾਦਰੀ ਦਾ ਕੰਮ ਕੀਤਾ ਹੋਵੇ ਜਾਂ ਜਿਨ੍ਹਾ ਨੇ ਵੱਖ-ਵੱਖ ਚੁਣੌਤੀਆਂ ਦੇ ਬਾਵਜੂਦ ਵਿਸ਼ੇਸ਼ ਉਪਲਬਧੀਆਂ ਹਾਸਲ ਕੀਤੀਆਂ ਹੋਣ। ਉਨ੍ਹਾਂ ਕਿਹਾ ਕਿ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ, ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ, ਜੋ ਕਿ ਰਾਸਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ



ਹਨ, ਸ਼ਾਨਦਾਰ ਯੋਗਦਾਨ ਜਾਂ ਪ੍ਰਾਪਤੀਆਂ ਹਾਸਲ ਕਰਨ ਵਾਲੇ ਬੱਚੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਪੁਰਸਕਾਰ ਲਈ ਯੋਗ ਬੱਚੇ ਭਾਰਤ ਦੇ ਨਾਗਰਿਕ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਉਮਰ 18 ਸਾਲ ਤੱਕ ਦੀ ਹੋਵੇ।

ਡਿਪਟੀ ਕਮਿਸ਼ਨਰ ਨੇ ਅਪੀਲ ਕੀਤੀ ਕਿ ਇਹ ਪੁਰਸਕਾਰ ਰਾਸ਼ਟਰੀ ਪੱਧਰ ਦਾ ਹੈ ਜਿਸ ਲਈ ਜਿਲ੍ਹੇ ਦੇ ਹੋਣਹਾਰ ਬੱਚਿਆਂ ਦਾ ਰਜਿਸਟ੍ਰੇਸ਼ਨ ਕਰਵਾਇਆ ਜਾਵੇ ਤਾਂ ਜੋ ਇਨ੍ਹਾ ਬੱਚਿਆਂ ਨੂੰ ਇੱਕ ਵੱਖਰੀ ਪਹਿਚਾਣ ਮਿਲ ਸਕੇ ਵਧੇਰੀ ਜਾਣਕਾਰੀ ਲਈ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਦੇ ਜ਼ਿਲ੍ਹਾ ਪ੍ਰਬਧੰਕੀ ਕੰਪਲੈਕਸ ਦੀ ਤੀਜੀ ਮੰਜਿਲ 'ਤੇ ਸਥਿਤ ਕਮਰਾ ਨੰ. 413 'ਚ ਦਫ਼ਤਰ ਨਾਲ ਸਪੰਰਕ ਕੀਤਾ ਜਾ ਸਕਦਾ ਹੈ।

ਜਿਕਰਯੋਗ ਹੈ ਕਿ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸਟਰੀ ਬਾਲ ਪੁਰਸਕਰ ਦੀ ਵੈਬਸਾਈਟ :https://awards.gov.in 'ਤੇ ਆਪਣਾ ਰਜਿਸਟ੍ਰੇਸ਼ਨ ਕਰ ਸਕਦੇ ਹਨ ਵੈਬਸਾਈਟ 'ਤੇ ਰਜਿਸਟ੍ਰੇਸ਼ਨ ਦੀ ਅੰਤਿਮ ਮਿਤੀ 31.07.2025 ਤੱਕ ਹੈ ਅਵਾਰਡ ਵਿੱਚ ਇੱਕ ਮੈਡਲ ਅਤੇ ਪ੍ਰਸ਼ੰਸਾ ਪੱਤਰ ਹੁੰਦਾ ਹੈ, ਜੋ ਕਿ ਮਾਨਯੋਗ ਪ੍ਰਧਾਨ ਮੰਤਰੀ ਵਲੋਂ ਦਿੱਤਾ ਜਾਂਦਾ ਹੈ ਇਸ ਤੋਂ ਇਲਾਵਾਂ ਵੀਰਤਾ ਪੁਰਸਕਾਰ ਲਈ ਚਰਚਿਤ "ਭਾਰਤੀ ਬਾਲ ਕਲਿਆਣ ਪਰਿਸ਼ਦ" ਨੂੰ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ ਵਲੋਂ ਕੋਈ ਮਾਨਤਾ ਜਾਂ ਸਹਾਇਤਾ ਨਹੀ ਦਿੱਤੀ ਜਾਂਦੀ ਹੈ ਇਸ ਲਈ "ਭਾਰਤੀ ਬਾਲ ਕਲਿਆਣ ਪਰਿਸ਼ਦ" ਵਲੋਂ ਜਾਰੀ ਕਿਸੇ ਵੀ ਤਰ੍ਹਾ ਦੇ ਰਾਸਟਰੀ ਬਾਲ ਪੁਰਸਕਰ ਲਈ ਰਜਿਸਟ੍ਰੇਸ਼ਨ ਨਾ ਕੀਤਾ ਜਾਵੇ ਜਿਸ ਕਰਕੇ ਪ੍ਰਧਾਨ ਮੰਤਰੀ ਰਾਸਟਰੀ ਬਾਲ ਪੁਰਸਕਰ ਦੀ ਵੈਬਸਾਈਟ : https://awards.gov.in ਤੇ ਆਪਣਾ ਰਜਿਸਟ੍ਰੇਸ਼ਨ ਕੀਤਾ ਜਾਵੇ।

# ਯੁੱਗ ਪੁਰਸ਼ ਅਤੇ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ-ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ






**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀਤੇ ਦਿਨੀਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ਵੱਲੋਂ ਦੀਨ-ਦੁਖੀਆਂ ਦੇ ਮਸੀਹਾ, ਯੁੱਗ ਪੁਰਸ਼ ਅਤੇ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ-ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਪਿੰਗਲਵਾੜਾ ਸੰਸਥਾ ਦੇ ਮੁੱਖ ਦਫਤਰ ਵਿਖੇ ਮਨਾਇਆ ਗਿਆ। ਇਸ ਮੌਕੇ ਸੰਗਤਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਉਪਰੰਤ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਪਿੰਗਲਵਾੜਾ ਸੰਸਥਾ ਦੇ ਵੱਖ-ਵੱਖ ਕਲਾਸਾਂ ਵਿੱਚ ਪੜ੍ਹਦੇ ਬੱਚੇ-ਬੱਚੀਆਂ ਆਦਿ ਵੱਲੋਂ ਗੁਰਬਾਣੀ ਦੇ ਇਲਾਹੀ ਕੀਰਤਨ ਨਾਲ ਪੰਡਾਲ ਵਿੱਚ ਮੌਕੇ ਬੈਠੀਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਗੁਰਬਾਣੀ ਦੇ ਰਸੀਏ ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਲਗਵਾਈ ਗਈ।

ਇਸ ਮੌਕੇ ਡਾ: ਇੰਦਰਜੀਤ ਕੌਰ ਨੇ ਸੰਗਤਾਂ ਦੇ ਸਨਮੁੱਖ ਹੋ ਕੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਤ ਪੂਰਨ ਸਿੰਘ ਜੀ ਦੇ ਜਨਮ- ਦਿਹਾੜੇ ਤੇ ਆਉ ਸਭ ਪ੍ਰਣ ਲਈਏ ਕਿ ਅਸੀਂ ਸਮਾਜਿਕ ਕੁਰੀਤੀਆਂ ਵਿਰੁੱਧ ਉੱਠ ਖੜ੍ਹੇ ਹੋਈਏ ਅਤੇ ਕਿਸੇ ਵੀ ਥਾਂ ਹੋ ਰਹੇ ਅਨਿਆਂ ਨੂੰ ਠੱਲ੍ਹ ਪਾਉਣ ਲਈ ਰਲ-ਮਿਲ ਇਕੱਤਰ ਹੋਈਏ। ਅੱਜ ਲੋੜ ਹੈ ਭਗਤ ਪੂਰਨ ਸਿੰਘ ਜੀ ਵੱਲੋਂ ਮਨੁੱਖਤਾ ਦੇ ਬਚਾਓ ਲਈ ਜੋ ਬਹੁਤ ਸਮਾਂ ਪਹਿਲਾਂ ਹੋਕਾ ਦੇ ਦਿੱਤਾ ਸੀ, ਉਸ ਤੇ ਕੰਮ ਕਰੀਏ। ਪੰਜਾਬ ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਅਖਵਾਉਂਦੀ ਹੈ ਪਰ ਅਫਸੋਸ ਹੈ ਕਿ ਅਜੋਕਾ ਪੰਜਾਬ ਵਾਤਾਵਰਨ ਪੱਖੋਂ ਪਲੀਤ ਹੋ ਰਿਹਾ ਹੈ ਅਤੇ ਇਸਦੇ ਗੱਭਰੂ-ਮੁਟਿਆਰਾਂ ਨਸ਼ੇ ਦੇ ਗੁਲਾਮ ਹੋ ਰਹੇ ਹਨ। ਇਸ ਮੌਕੇ ਉਚੇਚੇ ਤੌਰ ਤੇ ਕਿਸਾਨੀ ਆਗੂ ਸ੍ਰ: ਬਲਬੀਰ ਸਿੰਘ ਰਾਜੇਵਾਲ ਨੇ ਭਗਤ ਪੂਰਨ ਸਿੰਘ ਜੀ ਦੇ ਜਨਮ-ਦਿਨ ਦੀ ਵਧਾਈ ਦੇ ਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਤ ਪੂਰਨ ਸਿੰਘ ਅਸਲ ਵਿੱਚ ਬਹੁਤ ਵੱਡੀ ਸੰਸਥਾ ਸੀ ਅਤੇ ਅਜਿਹੀਆਂ ਸੱਚੀਆਂ-ਸੁੱਚੀਆਂ ਰੂਹਾਂ ਦਾ ਦੁਨੀਆਂ ਤੇ ਆਉਣਾ ਹੀ ਮਨੁੱਖਤਾ ਨੂੰ ਸੇਧ ਦੇਣਾ ਮਕਸਦ ਹੁੰਦਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਰਿਪੋਰਟਾਂ ਵਿੱਚ ਅੰਕੜੇ ਜਾਰੀ ਹੋ ਰਹੇ ਹਨ ਉਹ ਪੰਜਾਬੀਆਂ ਲਈ ਖਤਰੇ ਦੀ ਘੰਟੀ ਹੈ। ਇਸ ਮੌਕੇ ਡਾ: ਗੁਰਚਰਨ ਸਿੰਘ ਨੂਰਪੁਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿੰਗਲਵਾੜਾ ਸੰਸਥਾ ਜੋ ਮਨੁੱਖਤਾ ਦੀ ਭਲਾਈ ਲਈ ਵੱਡੇ-ਵੱਡੇ ਕਾਰਜ ਕਰ ਰਹੀ ਹੈ, ਉਸਦਾ ਕੋਈ ਸਾਨੀਂ ਨਹੀਂ ਅਤੇ ਭਗਤ ਪੂਰਨ ਸਿੰਘ ਦੀ ਸੋਚ ਨੂੰ ਡਾ: ਇੰਦਰਜੀਤ ਕੌਰ, ਮੁੱਖ ਸੇਵਾਦਾਰ ਪਿੰਗਲਵਾੜਾ ਦੀ ਅਗਵਾਈ ਵਿੱਚ ਜੋ ਵਧਾਇਆ ਜਾ ਰਿਹਾ ਹੈ, ਉਹ ਬਹੁਤ ਸ਼ਲਾਘਾਯੋਗ ਹੈ। ਇਸ ਮੌਕੇ ਆਈਆਂ ਹੋਈਆਂ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਢਾਡੀ ਜਥੇ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਸ੍ਰ: ਸੋਹਨ ਸਿੰਘ ਅਤੇ ਸ੍ਰ: ਸੁਰਿੰਦਰ ਸਿੰਘ ਨੇ ਪਾਣੀ ਦੀ ਮਹੱਤਤਾ ਤੇ ਕਵਿਤਾ ਪੇਸ਼ ਕੀਤੀ। ਸ੍ਰ: ਅਮਰਜੀਤ ਸਿੰਘ, ਗੁਰਮਤਿ ਕਾਲਜ ਨੇ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਸੇਧਾਂ ਤੇ ਸੰਗਤਾਂ ਨੂੰ ਚੱਲਣ ਲਈ ਪ੍ਰੇਰਿਤ ਕੀਤਾ । ਡਾ: ਸੁੰਦਰ ਸ਼ਿਆਮ ਦੀਪਤੀ ਨੇ ਕਿਹਾ ਕਿ ਭਗਤ ਪੂਰਨ ਸਿੰਘ ਵਰਗੇ ਸਮਾਜ ਸੇਵੀਆਂ ਦੀ ਅੱਜ ਫੇਰ ਸਮਾਜ ਨੂੰ ਲੋੜ ਹੈ। ਇਸ ਦੌਰਾਨ ਪੰਜਾਬੀਆਂ ਦੇ ਪ੍ਰਵਾਸ ਤੇ ਝਾਤ ਪਾਉਂਦੀ "ਅਸੀਂ ਕਿਉਂ ਪ੍ਰਦੇਸੀ ਹੋਈਏ" ਸੰਪਾਦਕ ਡਾ: ਇੰਦਰਜੀਤ ਕੌਰ ਅਤੇ ਵਾਤਾਵਰਨ ਮਸਲਿਆਂ ਤੇ ਡੂੰਘੀ ਸੋਝੀ ਰੱਖਣ ਵਾਲੇ ਲੇਖਕ ਵਿਜੈ ਬੰਬੇਲੀ ਦੇ ਲੇਖਾਂ ਦੀ ਪੁਸਤਕ "ਭਲਕ ਤੱਕ ਦੇਰ ਹੋ ਜਾਏਗੀ" ਰੀਲੀਜ਼ ਕੀਤੀਆਂ ਗਈਆਂ। ਇਸ ਮੌਕੇ ਸ੍ਰ: ਮੁਖਤਾਰ ਸਿੰਘ ਗੁਰਾਇਆ ਆਨਰੇਰੀ ਸਕੱਤਰ, ਸ੍ਰ: ਰਾਜਬੀਰ ਸਿੰਘ ਮੈਂਬਰ, ਸ੍ਰ: ਹਰਜੀਤ ਸਿੰਘ ਅਰੋੜਾ ਮੈਂਬਰ, ਬੀਬੀ ਪ੍ਰੀਤਇੰਦਰ ਕੌਰ ਮੈਂਬਰ, ਸ਼੍ਰੀ ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਸ੍ਰ: ਰਜਿੰਦਰਪਾਲ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਕਰਨਲ ਦਰਸ਼ਨ ਸਿੰਘ ਬਾਵਾ, ਸ੍ਰ: ਪਰਮਿੰਦਰਜੀਤ ਸਿੰਘ ਭੱਟੀ, ਬੀਬੀ ਸੁਰਿੰਦਰ ਕੌਰ ਭੱਟੀ, ਸ੍ਰ: ਰਜਿੰਦਰਪਾਲ ਸਿੰਘ ਡਾਇਰੈਕਟਰ ਗੂੰਗੇ-ਬੋਲਿਆਂ ਦਾ ਸਕੂਲ, ਸ੍ਰੀ ਤਿਲਕ ਰਾਜ ਜਨਰਲ ਮੈਨੇਜਰ, ਸ੍ਰ: ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਸ੍ਰ: ਗੁਰਨਾਇਬ ਸਿੰਘ, ਸ੍ਰ: ਨਰਿੰਦਰਪਾਲ ਸਿੰਘ ਸੋਹਲ, ਸ੍ਰ: ਤਜਿੰਦਰਭਾਨ ਸਿੰਘ ਬੇਦੀ, ਸ਼੍ਰੀ ਗੁਲਸ਼ਨ ਰੰਜਨ, ਬੀਬੀ ਹਰਤੇਜਪਾਲ ਕੌਰ, ਸ੍ਰ: ਬਲਬੀਰ ਸਿੰਘ ਰਾਜੇਵਾਲ ਕਿਸਾਨ ਆਗੂ, ਸਮਾਜ ਸੇਵਕ ਪਵਨ ਸ਼ਰਮਾ, ਸਾਬਕਾ ਇੰਸਪੈਕਟਰ ਰਾਜਵਿੰਦਰ ਕੌਰ, ਸ੍ਰ: ਗੁਰਚਰਨ ਸਿੰਘ ਨੂਰਪੁਰ, ਪ੍ਰੋ: (ਡਾ:) ਕੁਲਦੀਪ ਸਿੰਘ, ਡਾ: ਪ੍ਰਭਜੀਤ ਕੌਰ, ਡਾ: ਸ਼ਿਆਮ ਸੁੰਦਰ ਦੀਪਤੀ, ਮਿਸਜ਼ ਦੀਪਤੀ, ਵਾਤਾਵਰਨ ਪ੍ਰੇਮੀ ਵਿਜੈ ਬੰਬੇਲੀ, ਮੇਜਰ ਸਿੰਘ ਮਸਾਣੀਆਂ ਸੰਗਰੂਰ ਆਦਿ ਹਾਜ਼ਰ ਸਨ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਵੱਖ-ਵੱਖ

ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀ ਵੀ ਹਾਜ਼ਰ ਸਨ। ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ.ਅਨੀਤਾ ਬੱਤਰਾ, ਪ੍ਰਿੰ.ਦਲਜੀਤ ਕੌਰ, ਕੋਆਰੀਡੀਨੇਟਰ ਸੁਨੀਤਾ ਨਈਅਰ, ਪ੍ਰਿੰ. ਲਖਵਿੰਦਰ ਕੌਰ, ਵੱਖ-ਵੱਖ ਵਾਰਡਾਂ ਤੇ ਵਿਭਾਗਾਂ ਦੇ ਇੰਚਾਰਜ ਤੇ ਸਟਾਫ਼ ਮੈਂਬਰ ਆਦਿ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

## ਵਾਤਾਵਰਨ ਦੀ ਸੁੱਧਤਾ ਵਿਚ ਆਪਣਾ ਯੋਗਦਾਨ ਪਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਕੀਤੀ ਅਪੀਲ

**ਸ਼੍ਰੀ ਅਨੰਦਪੁਰ ਸਾਹਿਬ (ਸੰਜੀਵ ਧਰਮਾਣੀ )** 5 ਜੂਨ ਨੂੰ ਪੂਰੇ ਵਿਸਵ ਵਿੱਚ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ। ਹਾਲਾਂਕਿ ਵਾਤਾਵਰਨ ਨਾਲ ਪ੍ਰੇਮ ਕਰਨ ਵਾਲੇ ਸਾਰਾ ਸਾਲ ਕੋਈ ਨਾ ਕੋਈ ਉਪਰਾਲਾ ਕਰਦੇ ਰਹਿੰਦੇ ਹਨ, ਪਰ 5 ਜੂਨ ਦਾ ਦਿਨ ਵਾਤਾਵਰਨ - ਪ੍ਰੇਮੀਆਂ ਲਈ ਖਾਸ ਹੁੰਦਾ ਹੈ। ਇਸੇ ਤਹਿਤ ਅੱਜ ਵਾਤਾਵਰਨ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਵੀ ਵਿਸਵ ਵਾਤਾਵਰਣ ਦਿਵਸ ਮੌਕੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਥਾਵਾਂ 'ਤੇ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ ਅਤੇ ਬੂਟਿਆਂ ਦੀ ਸਾਂਭ - ਸੰਭਾਲ ਕਰਨ ਦਾ ਪ੍ਰਣ ਵੀ ਲਿਆ।

ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵਾਤਾਵਰਨ ਦੀ ਸੁੱਧਤਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਓ ਅਤੇ ਉਹਨਾਂ ਦੀ ਸਾਂਭ - ਸੰਭਾਲ ਵੀ ਕੀਤੀ ਜਾਵੇ। ਫਾਊਂਡੇਸ਼ਨ ਦੇ ਸਕੱਤਰ ਅੰਕੁਸ਼ ਕੁਮਾਰ ਨੇ ਦੱਸਿਆ ਕਿ ਰੁੱਖ ਹਵਾ, ਮਿੱਟੀ ਅਤੇ ਪਾਣੀ ਨੂੰ ਸ਼ੁੱਧ ਕਰਨ ਵਿੱਚ ਵੱਡੀ ਭੂਮਿਕਾ ਅਦਾ ਕਰਦੇ ਹਨ। ਇਸ ਮਸ਼ੀਨੀ ਯੁੱਗ ਵਿੱਚ ਵਧਦੇ ਹੋਏ ਪ੍ਰਦੂਸ਼ਣ ਕਾਰਨ ਸਾਡੀ ਹਵਾ ਦੀ ਗੁਣਵੱਤਾ ਕਾਫੀ ਡਿੱਗਦੀ ਜਾ ਰਹੀ ਹੈ। ਜਿਸ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਦਵਿੰਦਰਪਾਲ ਸਿੰਘ, ਸਤਿੰਦਰਪਾਲ ਸਿੰਘ, ਜਸਦੀਪ ਸਿੰਘ ਧਾਰੀਵਾਲ, ਪ੍ਰਸ਼ਾਂਤ ਵੋਹਰਾ, ਪੁਸ਼ਪਿੰਦਰ ਸਿੰਘ ਆਦਿ ਹਾਜ਼ਰ ਸਨ।



ਸਮਾਜ ਵੀਕਲੀ ਨਿਊਜ

## ਤਰਕਸੀਲ ਸੁਸਾਇਟੀ ਵੱਲੋਂ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦੀਆਂ ਤਿਆਰੀਆਂ ਮੁਕੰਮਲ



**ਬਰਨਾਲਾ** : ਤਰਕਸੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ,ਚੰਗੀ ਜੀਵਨ ਜਾਚ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਗੁਣ ਪ੍ਰਫੁੱਲਿਤ ਕਰਨ ਦੇ ਮਕਸਦ ਵਜੋਂ 7 ਜੂਨ ਤੋਂ 9 ਜੂਨ ਤਕ ਸੁਸਾਇਟੀ ਦੇ ਮੁੱਖ ਦਫਤਰ ਤਰਕਸੀਲ ਭਵਨ,ਬਰਨਾਲਾ ਵਿਖੇ ਲਗਾਏ ਜਾ ਰਹੇ ਦੂਜੇ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਜਿਸ ਵਿਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ 70 ਵਿਦਿਆਰਥੀਆਂ ਵੱਲੋਂ ਪੂਰੇ ਉਤਸਾਹ ਨਾਲ ਭਾਗ ਲਿਆ ਜਾਵੇਗਾ।

ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾਈ ਆਗੂਆਂ ਹੇਮ ਰਾਜ ਸਟੈਨੋਂ,ਰਾਜੇਸ ਅਕਲੀਆ, ਗੁਰਪ੍ਰੀਤ ਸਹਿਣਾ,ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਵਿੱਦਿਆਰਥੀ ਚੇਤਨਾ ਕੈਂਪ ਵਿੱਚ ਤਰਕਸੀਲ ਸੁਸਾਇਟੀ ਦੇ ਸੀਨੀਅਰ ਆਗੂਆਂ ਅਤੇ ਨਾਮਵਰ ਵਿਸਾ ਮਾਹਿਰਾਂ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ,ਚੰਗੀ ਜੀਵਨ ਜਾਚ, ਨੈਤਿਕ ਕਦਰਾਂ ਕੀਮਤਾਂ, ਖੁਰਾਕ ਤੇ ਸਿਹਤ,ਮਾਨਸਿਕ ਤਣਾਅ ਤੋਂ ਕਿਵੇਂ ਬਚੀਏ, ਨਸ਼ਿਆਂ ਤੋਂ ਬਚਾਅ,ਮਨੁੱਖ ਦੀ ਉਤਪਤੀ,ਜੀਵ ਵਿਕਾਸ,ਵਿਗਿਆਨੀਆਂ, ਚਿੰਤਕਾਂ ਅਤੇ ਸਹੀਦਾਂ ਦੇ ਮਾਣਮੱਤੇ ਇਤਿਹਾਸ ਦੇ ਸਬਕ ,ਜਾਦੂ ਕਿਵੇਂ ਸਿੱਖੀਏ, ਲੋਕ ਪੱਖੀ ਸਾਹਿਤ ਦੀ ਚੋਣ,ਸਾਈਬਰ ਅਪਰਾਧ, ਲੋਕ ਪੱਖੀ ਸਭਿਆਚਾਰ ਅਤੇ ਸਖਸੀਅਤ ਦੀ ਉਸਾਰੀ ਆਦਿ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਸਦੇ ਇਲਾਵਾ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਵੀ ਪੇਸ ਕੀਤਾ ਜਾਵੇਗਾ। ਤਰਕਸੀਲ ਆਗੂਆਂ ਨੇ ਵਿਦਿਆਰਥੀਆਂ ਵੱਲੋਂ ਵਿਖਾਏ ਗਏ ਉਤਸਾਹ ਦੀ ਪ੍ਰਸੰਸਾ ਕਰਦਿਆਂ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਦੀ ਗਰੁੱਪ ਚਰਚਾ ਤੇ ਕੁਇਜ ਮੁਕਾਬਲੇ ਵੀ ਕਰਵਾਏ ਜਾਣਗੇ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਕਿਤਾਬਾਂ ਦੇ ਸੈੱਟ ਦਿੱਤੇ ਜਾਣਗੇ।

ਸਮਾਜ ਵੀਕਲੀ ਨਿਊਜ

# ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹਣ ’ਤੇ ਤੁਲੀ ਪੰਜਾਬ ਸਰਕਾਰ: ਮਜਦੂਰ ਜਥੇਬੰਦੀਆਂ

## ਮਜਦੂਰਾਂ ਦਾ ਸਮੁੱਚਾ ਕਰਜਾ ਮੁਆਫ ਕਰਾਉਣ ਤੇ ਨੀਲੇ ਕਾਰਡ ਕੱਟਣ ਵਿਰੁੱਧ ਸੰਘਰਸ ਤੇਜ ਕਰਨ ਦਾ ਐਲਾਨ



**ਜਲੰਧਰ (ਹਰਜਿੰਦਰ ਸਿੰਘ ਚੰਦੀ)**-ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਹੋਈ ਮੀਟਿੰਗ ਉਪਰੰਤ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿਚ ਮਜਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੁਲਿਸ ਤਾਕਤ ਨਾਲ ਅਵਾਮੀ ਜਥੇਬੰਦੀਆਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ , ਲੋਕ ਸੰਘਰਸਾਂ ਨੂੰ ਕੁਚਲਣ ਦੀ ਨੀਤੀ ਅਖਤਿਆਰ ਕਰਕੇ, ਸੰਘਰਸ ਕਰਨ ਦਾ ਜਮਹੂਰੀ ਹੱਕ ਖੋਹ ਰਹੀ ਹੈ ।

ਜਿਸ ਦਾ ਮਜਦੂਰ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾਵੇਗਾ।ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਆਗੂ ਸਾਥੀ ਗੁਰਮੇਸ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸਾਂਝੇ ਮੋਰਚੇ ਦੇ ਆਗੂਆਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਸਿਰਫ 4727 ਮਜਦੂਰ ਪਰਿਵਾਰਾਂ ਦੇ ਕਰਜੇ ਮੁਆਫ ਕਰਨ ਨੂੰ ਨਿਗੂਣੀ ਰਾਹਤ ਦੱਸਦਿਆਂ ਕਿਹਾ ਕਿ ਇਹ ਰਾਹਤ ਊਠ ਤੋਂ ਛਾਣਨੀ ਲਾਹੁਣ ਬਰਾਬਰ ਹੈ। ਉਨਾਂ ਕਿਹਾ ਕਿ ਪੰਜਾਬ ਦੇ ਤੇਰਾਂ ਹਜਾਰ ਪਿੰਡਾਂ ਦੇ ਹਿਸਾਬ ਨਾਲ ਪੌਣੇ ਤਿੰਨ ਪਿੰਡਾਂ ‘ਚੋਂ ਇਕ ਸਿਰਫ ਇੱਕ ਮਜਦੂਰ ਨੂੰ ਇਹ ਰਾਹਤ ਮਿਲੇਗੀ ਜਦੋਂ ਹੋਰ ਲੱਖਾਂ ਪਰਿਵਾਰ ਇਸਤੋਂ ਵਿਰਵੇ ਰਹਿ ਜਾਣਗੇ, ਉਨ੍ਹਾਂ ਕਿਹਾ ਕਿ ਮਜਦੂਰਾਂ ਸਿਰ ,ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦਾ ਕੁਲ ਕਰਜਾ ਛੇ ਹਜਾਰ ਕਰੋੜ ਰੁਪਏ ਤੋਂ ਵੀ ਵਧੇਰੇ ਹੈ। ਆਰਥਿਕ ਮਾਹਰਾਂ ਵਲੋਂ ਕੀਤੇ ਗਏ ਸਰਵਿਆ ਮੁਬਾਤਕ ਅੱਸੀ ਫੀਸਦੀ ਮਜਦੂਰ ਕਰਜਾਈ ਹਨ ਅਤੇ ਔਸਤ ਨੱਬੇ ਹਜਾਰ ਰੁਪਏ ਹਰੇਕ ਮਜਦੂਰ ਪਰਿਵਾਰ ਸਿਰ ਕਰਜਾ ਹੈ।ਮਜਦੂਰ ਆਗੂਆਂ ਨੇ ਕਿਹਾ ਕਿ ਇਕ ਪਾਸੇ ਸਰਕਾਰ ਮਜਦੂਰਾਂ ਦੀ ਕਰਜ ਮਾਫੀ ਦੀ ਗੱਲ ਕਰਦੀ ਹੈ ਦੂਸਰੇ ਪਾਸੇ ਤੇਤੀ ਲੱਖ ਗਰੀਬਾਂ ਨੂੰ ਮਿਲਦੀ ਕਣਕ ਨੂੰ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਕੇਵਾਈਐੱਸ ਸਕੀਮ ਤਹਿਤ ਤੇਤੀ ਲੱਖ ਪਰਿਵਾਰਾਂ ਨੂੰ ਇਸ ਸਕੀਮ ਤੋਂ ਬਾਹਰ ਕਰ ਦਿੱਤਾ ਜਾਵੇਗਾ।

ਉਨਾਂ ਕਿਹਾ ਕਿ ਪੰਜਾਬ ਕੈਬਨਿਟ ਦੀ ਕੱਲ੍ਹ ਹੋਈ ਮੀਟਿੰਗ ਵਿੱਚ, ਪੰਜਾਬ ਸਰਕਾਰ ਨੇ ਇਕ ਹੋਰ ਮਜਦੂਰ ਵਿਰੋਧੀ ਕਦਮ ਲੈਂਦਿਆਂ ਮੋਦੀ ਸਰਕਾਰ ਤੋਂ ਵੀ ਦੋ ਕਦਮ ਅੱਗੇ ਜਾਂਦਿਆਂ “ ਪੰਜਾਬ ਦੁਕਾਨ ਅਤੇ ਵਪਾਰਕ ਅਦਾਰੇ ਐਕਟ 1958 ਵਿਚ ਸੋਧ ਦੀ ਮੰਨਜੂਰੀ ਦੇ ਦਿਤੀ ਹੈ ਜਿਸ ਤਹਿਤ ਹੁਣ ਮਜਦੂਰਾਂ ਨੂੰ ਨੌਂ ਘੰਟਿਆਂ ਤੋਂ ਵੱਧ ਸਮਾਂ ਕੰਮ ਕਰਨਾ ਪਵੇਗਾ।

ਉਨਾਂ ਕਿਹਾ ਕਿ ਪੰਜਾਬ ਸਰਕਾਰ ਅਸਲ ਵਿੱਚ ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ ਨੂੰ ਗੱਫੇ ਦੇ ਰਹੀ ਹੈ ਜਦੋਂ ਕਿ ਗਰੀਬਾਂ ਨੂੰ ਸਿਰਫ ਗੁਮਰਾਹ ਕੀਤਾ ਜਾ ਰਿਹਾ ਹੈ।ਆਗੂਆਂ ਨੇ ਪੰਜਾਬ ਭਰ ਵਿੱਚ ਨਿੱਤ ਵਾਪਰ ਰਹੀਆਂ ਪੁਲਿਸ ਜਬਰ ਦੀਆਂ ਘਟਨਾਵਾਂ ‘ਤੇ ਚਿੰਤਾ ਜਾਹਰ ਕਰਦਿਆਂ ਇਸ ਨੂੰ ਰਾਜ ਅੰਦਰ ਪੁਲਿਸ ਰਾਜ ਸਥਾਪਿਤ ਕਰਨਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਸਭ ਲੋਕ ਸੰਘਰਸਾਂ ਨੂੰ ਕੁਚਲਣ ਲਈ ਲੋਕਾਂ ਦੇ ਮਨਾਂ ਵਿਚ ਦਹਿਲ ਬਿਠਾਉਣ ਲਈ ਕੀਤਾ ਜਾ ਰਿਹਾ ਹੈ। ਜਿਸਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਫੈਸਲਾ ਕੀਤਾ ਕਿ ਜਬਰ ਦੇ ਖਿਲਾਫ ਸੰਘਰਸ ਕਰਦਿਆਂ ਝੋਨੇ ਦੀ ਲਵਾਈ ਤੋਂ ਤੁਰੰਤ ਬਾਅਦ ਪੰਜਾਬ ਭਰ ਵਿੱਚ ਵੱਡਾ ਸੰਘਰਸ ਵਿੱਢਿਆ ਜਾਵੇਗਾ।

ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ, ਦਿਹਾਤੀ ਮਜਦੂਰ ਸਭਾ ਦੇ ਸੂਬਾਈ ਆਗੂ ਦਰਸਨ ਨਾਹਰ, ਗੁਰਨਾਮ ਸਿੰਘ ਦਾਊਦ ਤੇ ਬਲਦੇਵ ਨੂਰਪੁਰੀ, ਪੰਜਾਬ ਖੇਤ ਮਜਦੂਰ ਸਭਾ ਦੇ ਸੂਬਾਈ ਆਗੂ ਗੁਲਜਾਰ ਗੌਰੀਆ, ਦੇਵੀ ਕੁਮਾਰੀ ਅਤੇ ਗਿਆਨ ਸੈਦਪੁਰੀ, ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਤਰਸੇਮ ਪੀਟਰ ਤੇ ਕਸਮੀਰ ਸਿੰਘ ਘੁਗਸ਼ੋਰ, ਜਮੀਨ ਪ੍ਰਾਪਤੀ ਸੰਘਰਸ ਕਮੇਟੀ ਦੇ ਪ੍ਰਧਾਨ ਮੁਕੇਸ ਮਲੌਦ ਅਤੇ ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ ਮਾਲੜੀ ਹਾਜਰ ਸਨ।

## ਹਰਿਆਣਾ ਕਮੇਟੀ ਦੇ ਵਫਦ ਵੱਲੋਂ ਉਠਾਈਆਂ ਮੰਗਾਂ ਦਾ ਮੁੱਖ ਮੰਤਰੀ ਹਰਿਆਣਾ ਨੇ ਜਲਦ ਹੱਲ ਕਰਨ ਦਾ ਦਿੱਤਾ ਭਰੋਸਾ - ਜਥੇਦਾਰ ਦਾਦੂਵਾਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਉੱਚ ਪੱਧਰੀ ਵਫਦ ਨੇ ਮੁੱਖ ਮੰਤਰੀ ਹਰਿਆਣਾ ਸ੍ਰੀ ਨਾਇਬ ਸਿੰਘ ਸੈਣੀ ਨਾਲ ਉਨਾਂ ਦੇ ਨਿਵਾਸ ਕਬੀਰ ਕੁਟੀਰ ਚੰਡੀਗੜ੍ਹ ਵਿਖੇ 4 ਜੂਨ ਨੂੰ ਮੁਲਾਕਾਤ ਕੀਤੀ ।ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਡੀਆ ਨੂੰ ਜਾਰੀ ਬਿਆਨ ਵਿੱਚ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਉੱਚ ਪੱਧਰੀ ਵਫਦ ਵੱਲੋਂ ਅੱਜ ਮੁੱਖ ਮੰਤਰੀ ਹਰਿਆਣਾ ਨਾਲ ਕਮੇਟੀ ਦੇ ਕਈ ਮੁੱਦਿਆਂ ਤੇ ਵਿਸੇਸ ਗੱਲਬਾਤ ਕੀਤੀ ਗਈ ਜਿਸ ਵਿੱਚ ਮੀਰੀ ਪੀਰੀ ਮੈਡੀਕਲ ਕਾਲਜ ਸਾਹਬਾਦ ਮਾਰਕੰਡਾ ਬਾਰੇ ਜੋ ਕਿ ਗੁਰਦੁਆਰਾ ਮਸਤਗੜ੍ਹ ਸਾਹਿਬ ਸ਼ਾਹਬਾਦ ਮਾਰਕੰਡਾ ਦੀ ਜਮੀਨ ਵਿੱਚ ਬਣਿਆ ਹੋਇਆ ਹੈ ਜਿਸ ਤੇ ਬਾਦਲ ਪਰਿਵਾਰ ਵੱਲੋਂ ਸ੍ਰੋਮਣੀ ਕਮੇਟੀ ਦੇ ਪ੍ਰਬੰਧ ਦੌਰਾਨ ਨਿੱਜੀ ਟਰੱਸਟ ਬਣਾ ਕੇ ਕਬਜਾ ਕੀਤਾ ਹੋਇਆ ਹੈ ਉਸ ਦਾ ਪ੍ਰਬੰਧ ਲੈਣ ਲਈ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਜੋ 25 ਨਵੰਬਰ ਨੂੰ ਆ ਰਿਹਾ ਹੈ ਨੂੰ ਹਰਿਆਣਾ ਕਮੇਟੀ ਵੱਲੋਂ ਗੁਰਦੁਆਰਾ ਧਮਧਾਨ ਸਾਹਿਬ ਪਾਤਸਾਹੀ ਨੌਵੀਂ ਵਿਖੇ ਸਟੇਟ ਪੱਧਰ ਤੇ ਮਨਾਇਆ ਜਾ ਰਿਹਾ, ਹਰਿਆਣਾ ਸਰਕਾਰ ਵੱਲੋਂ ਵੀ ਉਸ ਨੂੰ ਵੱਡੀ ਪੱਧਰ ਤੇ ਮਨਾਉਣ ਸੰਬੰਧੀ ਗੱਲਬਾਤ, ਗੁਰਦੁਆਰਾ ਪੰਜੋਖਰਾ ਸਾਹਿਬ ਪਾਤਸਾਹੀ ਅੱਠਵੀਂ ਅਤੇ ਗੁਰਦੁਆਰਾ ਸੂੱਡਲ ਸਾਹਿਬ ਪਾਤਸਾਹੀ ਨੌਵੀਂ ਨੇੜੇ ਗੁਜਰਦੇ ਹਾਈਵੇ ਤੋਂ ਗੁਰਦੁਆਰਾ ਸਾਹਿਬ ਨੂੰ ਰਸਤਾ ਲੈਣ ਸੰਬੰਧੀ ਅਤੇ ਹੋਰ ਕਈ ਮੁੱਦਿਆਂ ਤੇ ਮੁੱਖ ਮੰਤਰੀ ਸਾਹਿਬ ਨਾਲ ਵਿਸੇਸ ਗੱਲਬਾਤ ਕੀਤੀ ਜਿਨਾਂ ਮੰਗਾਂ ਨੂੰ ਮੁੱਖ ਮੰਤਰੀ ਹਰਿਆਣਾ ਵੱਲੋਂ ਜਲਦ ਪੂਰੇ ਕੀਤੇ ਜਾਣ ਦਾ ਭਰੋਸਾ ਦਿੱਤਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਕਮੇਟੀ ਦੇ ਵਫਦ ਦਾ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਆਉਣ ਦਾ ਸਵਾਗਤ ਕੀਤਾ ।ਕਮੇਟੀ ਵੱਲੋਂ ਮੁੱਖ ਮੰਤਰੀ ਸਾਹਿਬ ਨੂੰ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਵਿਸੇਸ ਸਨਮਾਨਿਤ ਕੀਤਾ ਗਿਆ । ਹਰਿਆਣਾ ਕਮੇਟੀ ਦੇ ਵਫਦ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ, ਸ੍ਰ: ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਸ੍ਰ: ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਸ੍ਰ: ਅੰਗਰੇਜ ਸਿੰਘ ਰਾਣੀਆਂ ਜਨਰਲ ਸਕੱਤਰ, ਸ੍ਰ: ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ, ਸ੍ਰ: ਕਰਨੈਲ ਸਿੰਘ ਨਿੰਮਨਾਬਾਦ ਅੰਤ੍ਰਿੰਗ ਮੈਂਬਰ, ਸ੍ਰ: ਜਗਤਾਰ ਸਿੰਘ ਮਿੱਠੜੀ ਅੰਤ੍ਰਿੰਗ ਮੈਂਬਰ, ਸ੍ਰ: ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ, ਸ੍ਰ :ਬਲਵਿੰਦਰ ਸਿੰਘ ਚੀਮਾ ਕਰਨਾਲ ਅੰਤ੍ਰਿੰਗ ਮੈਂਬਰ, ਸ੍ਰ: ਕੁਲਦੀਪ ਸਿੰਘ ਮੁਲਤਾਨੀ ਅੰਤ੍ਰਿੰਗ ਮੈਂਬਰ, ਸ੍ਰ: ਰਜਿੰਦਰ ਸਿੰਘ ਬਰਾੜਾ ਮੈਂਬਰ, ਸ੍ਰ: ਗੁਰਨਾਮ ਸਿੰਘ ਲਾਡੀ ਡਬਰੀ ਮੈਂਬਰ, ਸ੍ਰ: ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਬੀਬੀ ਕਰਤਾਰ ਕੌਰ ਸ਼ਾਹਬਾਦ ਮੈਂਬਰ, ਭਾਈ ਕੁਲਦੀਪ ਸਿੰਘ ਫੱਗੂ ਮੈਂਬਰ, ਸ੍ਰ: ਬਲਵਿੰਦਰ ਸਿੰਘ ਹਿਸਾਰ ਮੈਂਬਰ, ਸ੍ਰ: ਇੰਦਰਜੀਤ ਸਿੰਘ ਮੁਰਤਜਾਪੁਰ ਮੈਂਬਰ , ਸ੍ਰ: ਗੁਲਾਬ ਸਿੰਘ ਮੂਨਕ ਸਾਬਕਾ ਮੀਤ ਸਕੱਤਰ ਵੀ ਹਾਜਰ ਸਨ । ਇਸ ਸਮੇਂ ਮੁੱਖ ਮੰਤਰੀ ਹਰਿਆਣਾ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਤਰੁਨ ਭੰਡਾਰੀ ਵੀ ਵਿਸੇਸ ਤੌਰ ਤੇ ਹਾਜਰ ਰਹੇ।

## ‘ਆਪ’ ਨੇਤਾ ਬਹਾਦਰ ਸੈਨਿਕਾਂ ਦੀ ਬਹਾਦਰੀ ਦਾ ਉਡਾ ਰਹੇ ਮਜਾਕ, ਮੰਦਭਾਗਾ : ਐੱਸ ਐੱਸ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਨਿਰਮਲ ਸਿੰਘ ਐੱਸ ਐੱਸ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪ੍ਰੇਸਨ ਸਿੰਦੂਰ ਸੰਬੰਧੀ ਦਿੱਤੇ ਗਏ ਇਤਰਾਜਯੋਗ ਬਿਆਨ ਨੂੰ ਬਦਸੂਰਤ, ਅਸਲੀਲ ਅਤੇ ਸਰਮਨਾਕ ਦੱਸਿਆ ਹੈ। ਐੱਸ ਐੱਸ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦਾ ਬਿਆਨ ਔਰਤਾਂ ਦੇ ਮਾਣ-ਸਨਮਾਨ ਦਾ ਘੋਰ ਅਪਮਾਨ ਹੈ ਅਤੇ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਮਾਸੂਮ ਨਾਗਰਿਕਾਂ ਦੀਆਂ ਵਿਧਵਾਵਾਂ ਦੇ ਜਖਮਾਂ ‘ਤੇ ਲੂਣ ਛਿੜਕਣ ਵਰਗਾ ਹੈ। ਐੱਸ ਐੱਸ ਨੇ ਕਿਹਾ, ਆਪ੍ਰੇਸਨ ਸਿੰਦੂਰ ਸਾਡੇ ਬਹਾਦਰ ਸੈਨਿਕਾਂ ਦੀ ਬਹਾਦਰੀ ਦੀ ਗਾਥਾ ਹੈ। ਜਦੋਂ ਪੂਰਾ ਦੇਸ ਆਪਣੇ ਬਹਾਦਰ ਸੈਨਿਕਾਂ ਦੇ ਨਾਲ ਖੜ੍ਹਾ ਹੈ, ਤਾਂ ਭਗਵੰਤ ਮਾਨ ਵਰਗੇ ਨੇਤਾ ਬਹਾਦਰ ਸੈਨਿਕਾਂ ਦੀ ਕੁਰਬਾਨੀ ਅਤੇ ਹਿੰਮਤ ਦਾ ਮਜਾਕ ਉਡਾ ਰਹੇ ਹਨ। ਇਹ ਉਨ੍ਹਾਂ ਦੀ ਭ੍ਰਿਸਟ ਮਾਨਸਿਕਤਾ ਨੂੰ ਦਰਸਾਉਂਦਾ ਹੈ। ਆਮ ਆਦਮੀ ਪਾਰਟੀ ‘ਤੇ ਸ਼ਬਦੀ ਵਾਰ ਕਰਦੇ ਹੋਏ ਐੱਸ ਐੱਸ ਨੇ ਕਿਹਾ ਕਿ ਇਹ ਉਹੀ ਪਾਰਟੀ ਹੈ ਜਿਸਦੀ ਦਿੱਲੀ ਸਥਿਤ ਮੁੱਖ ਮੰਤਰੀ ਰਿਹਾਇਸ ਵਿੱਚ, ਆਪਣੀ ਹੀ ਪਾਰਟੀ ਦੀ ਇੱਕ ਮਹਿਲਾ ਸੰਸਦ ਮੈਂਬਰ ‘ਤੇ ਹਮਲਾ ਕੀਤਾ ਜਾਂਦਾ ਹੈ ਅਤੇ ਉਸ ਨਾਲ ਅਸਲੀਲ ਵਿਵਹਾਰ ਕੀਤਾ ਜਾਂਦਾ ਹੈ। ਉਹ ਅਪਰਾਧੀ ਕੇਜਰੀਵਾਲ ਦਾ ਸਭ ਤੋਂ ਕਰੀਬੀ ਦੋਸਤ ਸੀ ਅਤੇ ਪਾਰਟੀ ਨੇ ਉਸ ਨੂੰ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ।

ਇੰਨਾ ਹੀ ਨਹੀਂ, ਹੁਣ ਉਸੇ ਮਹਿਲਾ ਸੰਸਦ ਮੈਂਬਰ ‘ਤੇ ਹਮਲਾ ਕਰਨ ਵਾਲੇ ਅਪਰਾਧੀ ਨੂੰ ਪੰਜਾਬ ਦੇ ਮੁੱਖ ਮੰਤਰੀ ਦਫਤਰ ਵਿੱਚ ਇੱਕ ਵਿਸੇਸ ਅਧਿਕਾਰੀ ਵਜੋਂ ਭੇਜਿਆ ਗਿਆ ਹੈ, ਇਹ ‘ਆਪ’ ਪਾਰਟੀ ਦੇ ਔਰਤਾਂ ਪ੍ਰਤੀ ਸਤਿਕਾਰ ਦਾ ਜਿਊਂਦਾ ਜਾਗਦਾ ਚਿਹਰਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਭੈਣਾਂ, ਔਰਤਾਂ ਅਤੇ ਮਾਵਾਂ ਰਾਜਨੀਤੀ ਦਾ ਖੇਡ ਖੇਡਣ ਵਾਲਿਆਂ ਨੂੰ ਕਦੀ ਮਾਫ ਨਹੀਂ ਕਰਨਗੀਆਂ।

# ਗੁਰੂ ਅਰਜਨ ਦੇਵ ਜੀ ਅਤੇ ਜੂਨ 84 ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

### ਸ਼ਹੀਦਾਂ ਦੀ ਯਾਦ ਵਿੱਚ ਦਾਨ ਕੀਤਾ ਖ਼ੂਨ ਦਾ ਇੱਕ-ਇੱਕ ਕਤਰਾ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ-ਜੱਥੇ ਨਿਮਾਣਾ

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹਾਦਤ ਅਤੇ ਜੂਨ 84 ਘੱਲੂਘਾਰਾ ਦੇ ਸਮੂਹ ਸਹੀਦ ਸਿੰਘ, ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ-ਰੇਖ ਹੇਠ 809ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸਾਹਿਬ ਬਾਬੇ ਸਹੀਦਾਂ ਦੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਪੂਰਨ ਸਹਿਯੋਗ ਨਾਲ ਪਿੰਡ ਅਜਨੌਦ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਭਾਈ ਘਨੱਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ






ਨਿਮਾਣਾ ਨੇ ਕਿਹਾ ਗੁਰੂ ਅਰਜਨ ਦੇਵ ਮਹਾਰਾਜ ਜੀ ਅਤੇ ਘੱਲੂਘਾਰਾ ਦੇ ਸਮੂਹ ਸਹੀਦਾਂ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਕੀਤਾ ਗਿਆ ਦਾਨ ਦੇ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਸਮੇਂ ਗੁ: ਸਾਹਿਬ ਦੇ ਸੇਵਾਦਾਰ ਸੁਖਜਿੰਦਰ ਸਿੰਘ ਸੁੱਖੀ, ਸਾਬਕਾ ਸਰਪੰਚ ਬਲਜੀਤ ਸਿੰਘ ਦਿਓਲ, ਸਰਪੰਚ ਪਰਮਜੀਤ ਸਿੰਘ ਪੰਮਾ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਹਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਬਲਦੇਵ ਸਿੰਘ ਸੰਧੂ, ਗੁਰਮੀਤ ਸਿੰਘ ਖਾਲਸਾ, ਲਖਵੀਰ ਕੌਰ, ਲਵਪ੍ਰੀਤ ਸਿੰਘ ਲਾਲੀ, ਅਮਰਿੰਦਰ ਸਿੰਘ ਦਿਓਲ, ਅਵਤਾਰ ਸਿੰਘ ਸਿੱਧੂ ਕਾਨੂੰਗੋ, ਮੈਨੇਜਰ ਤਲਵਿੰਦਰ ਸਿੰਘ ਹੈਪੀ, ਜਤਿੰਦਰ ਸਿੰਘ ਹੈਪੀ ਹਰਨਾਮਪੂਰਾ, ਜੋਬਨਦੀਪ ਸਿੰਘ, ਬਲਰਾਜ ਸਿੰਘ ਸਿਧੂ, ਮੋਹਨ ਸਿੰਘ ਭੰਡਾਲ, ਸੁਖਵਿੰਦਰ ਸਿੰਘ ਰਿੰਕੂ, ਹਰਪ੍ਰੀਤ ਸਿੰਘ ਹੈਪੀ, ਪੰਚ ਬਲਜੀਤ ਸਿੰਘ, ਨਾਜਰ ਸਿੰਘ ਫੌਜੀ, ਸਵਰਨਜੀਤ ਸਿੰਘ ਗੋਲਡੀ, ਕੁਲਵੰਤ ਸਿੰਘ, ਬਾਬਾ ਜਗਦੇਵ ਸਿੰਘ, ਅਤੇ ਗੁ:ਬਾਬੇ ਸਹੀਦਾਂ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜਰ ਸਨ ।

# ਕਿਰਤੀਆਂ ਨੂੰ ਗੁਲਾਮ ਬਣਾਉਣ ਲਈ ਮੋਦੀ ਸਰਕਾਰ ਤੋਂ ਵੀ ਦੋ ਕਦਮ ਅੱਗੇ ਪੰਜਾਬ ਦੀ ਮਾਨ ਸਰਕਾਰ: ਰੌੜੀ ਤੇ ਬਾਗੀ

**ਰੋਪੜ (ਰੋਮੀ ਘੜਾਮਾਂ):** ਅੱਜ ਪ੍ਰੈਸ-ਨੋਟ ਜਾਰੀ ਕਰਦੇ ਹੋਏ ਸੀਟੂ (ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਸ) ਦੇ ਸੂਬਾ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੌੜੀ ਤੇ ਸਕੱਤਰ ਕਾ. ਗੁਰਦੇਵ ਸਿੰਘ ਬਾਗੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੀਟਿੰਗ ਵਿੱਚ ਕਿਰਤ ਸੁਧਾਰ ਦੇ ਨਾਂ ‘ਤੇ ਕਿਰਤ ਕਾਨੂੰਨ 1958 ਦੀ ਉਲੰਘਣਾ ਕਰਕੇ ਛੋਟੇ ਕਾਰੋਬਾਰੀਆਂ ਕੋਲ ਕੰਮ ਕਰਦੇ ਕਿਰਤੀਆਂ ਨੂੰ ਮਾਲਕਾਂ ਦੇ ਗੁਲਾਮ ਬਣਾਉਣ ਦਾ ਰਾਹ ਖੋਲ੍ਹਿਆ ਹੈ। ਜਿਸ ਦਾ ਸੀਟੂ ਪੁਰਜੋਰ ਵਿਰੋਧ ਕਰਦੀ ਹੈ।

ਜਿੱਥੇ ਕੇਂਦਰ ਸਰਕਾਰ ਵੱਲੋਂ ਕਿਰਤੀ ਪੱਖੀ 29 ਕਿਰਤ ਕਾਨੂੰਨ ਖਤਮ ਕਰ ਕੇ ਮਜਦੂਰ ਮਾਰੂ ਚਾਰ ਕੋਡ ਬਣਾਏ ਹਨ। ਉਥੇ ਹੀ ਪੰਜਾਬ ਸਰਕਾਰ ਨੇ ਉਸ ਤੋਂ ਵੀ ਦੋ ਕਦਮ ਅੱਗੇ ਜਾ ਕੇ ਕਿਰਤੀ ਵਰਗ ਨੂੰ ਮਾਲਕਾਂ ਦੇ ਰਹਿਮੋਕਰਮ ਕਰਮ ‘ਤੇ ਛੱਡਣ ਦਾ ਰਾਹ ਅਖਤਿਆਰ ਕੀਤਾ ਹੈ। ਕੇਂਦਰ ਵੱਲੋਂ ਬਣਾਏ ਚਾਰ ਕੋਡਾਂ ਨੂੰ ਰੱਦ ਕਰਵਾਉਣ ਲਈ ਸੀਟੂ ਸਮੇਤ ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜਮ ਫੈਡਰੇਸਨਾਂ ਵੱਲੋਂ 09 ਜੁਲਾਈ ਨੂੰ ਦੇਸ-ਵਿਆਪੀ ਹੜਤਾਲ ਦਾ ਸੱਦਾ ਦਿੱਤਾ ਹੈ। ਪੰਜਾਬ ਸਰਕਾਰ ਵਿਰੁੱਧ ਵੀ ਕਿਰਤੀਆਂ ਵੱਲੋਂ ਸਥਾਨਕ ਪੱਧਰ ‘ਤੇ ਤਿੱਖਾ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸੀਟੂ ਜ਼ਿਲ੍ਹਾ ਨਵਾਂਸਹਿਰ ਦੇ ਜਨਰਲ ਸਕੱਤਰ ਕਾਮਰੇਡ ਜਸਵੰਤ ਸਿੰਘ ਸੈਣੀ, ਸਵਰਾਜ ਮਾਜਦਾ ਕੰਟਰੈਕਟ ਡਰਾਈਵਰ ਵਰਕਰ ਯੂਨੀਅਨ ਦੇ ਜਨਰਲ ਸਕੱਤਰ ਪ੍ਰਮਿੰਦਰ ਸਿੰਘ ਕੰਗ, ਰੋਪੜ ਜ਼ਿਲ੍ਹਾ ਆਗੂ ਕਾ. ਰਾਮ ਸਿੰਘ ਸੈਣੀਮਾਜਰਾ, ਉਸਾਰੀ ਮਜਦੂਰਾਂ ਦੇ ਆਗੂ ਕਾ. ਪ੍ਰੇਮ ਚੰਦ ਜੱਟਪੁਰਾ ਅਤੇ ਹੋਰ ਹਮਖਿਆਲ ਸਾਥੀ ਹਾਜਰ ਸਨ।



# ਲੁਧਿਆਣਾ ਪੱਛਮੀ ਜਿਮਨੀ ਚੋਣ : 14 ਉਮੀਦਵਾਰ ਲੜਨਗੇ ਚੋਣ - ਸਿਬਿਨ ਸੀ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਲਈ ਕੁੱਲ 14 ਉਮੀਦਵਾਰ ਚੋਣ ਲੜਨਗੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਇਕ ਆਜ਼ਾਦ ਉਮੀਦਵਾਰ ਕਮਲ ਪਵਾਰ ਵੱਲੋਂ ਨਾਮਜ਼ਦਗੀ ਵਾਪਸ ਲਈ ਗਈ ਏ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 15 ਨਾਮਜ਼ਦਗੀਆਂ ਸਹੀ ਪਾਈਆਂ ਗਈਆਂ ਸਨ ਅਤੇ ਹੁਣ ਇੱਕ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲੈਣ ਤੋਂ ਬਾਅਦ ਕੁੱਲ 14 ਉਮੀਦਵਾਰਾਂ ਚੋਣ ਮੈਦਾਨ ਵਿਚ ਰਹਿ ਗਏ ਹਨ।

ਜ਼ਿਕਰਯੋਗ ਹੈ ਕਿ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ ਅਤੇ 23 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

# ਪ੍ਰਭ ਆਸਰਾ, ਕੁਰਾਲੀ ਦੇ 28 ਖਿਡਾਰੀਆਂ ਦੀ ਵੱਖੋ-ਵੱਖ ਨੈਸ਼ਨਲ ਟੀਮਾਂ ਲਈ ਚੋਣ

**ਕੁਰਾਲੀ (ਰੋਮੀ ਘੜਾਮਾਂ):** ਪ੍ਰਭ ਆਸਰਾ, ਪਡਿਆਲਾ (ਕੁਰਾਲੀ) ਸੰਸਥਾ ਲਾਵਾਰਸ, ਲਾਚਾਰ ਤੇ ਬੇਸਹਾਰਾ ਨਾਗਰਿਕਾਂ ਦੇ ਇਲਾਜ ਅਤੇ ਸਾਂਭ ਸੰਭਾਲ ਦੇ ਨਾਲ਼ ਨਾਲ਼ ਉਹਨਾਂ ਦੇ ਮੁੜ-ਵਸੇਬੇ ਹਿੱਤ ਵੀ ਪੁਰਜੋਰਤਾ ਨਾਲ਼ ਯਤਨਸ਼ੀਲ ਹੈ। ਜਿੱਥੇ ਮੁੜ-ਵਸੇਬੇ ਲਈ ਕੀਤੇ ਅਤੇ ਉਲੀਕੇ ਜਾਂਦੇ ਕਾਰਜਾਂ ਵਿੱਚ ਖੇਡਾਂ ਨੂੰ ਅਹਿਮ ਗਤੀਵਿਧੀ ਵਜੋਂ ਸ਼ਾਮਲ ਕੀਤਾ



ਜਾਂਦਾ ਹੈ। ਜਿਸ ਦੇ ਨਤੀਜੇ ਵਜੋਂ ਇੱਥੋਂ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਸਮੇਂ ਸਮੇਂ ‘ਤੇ ਆਮ ਹੀ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ। ਇਸੇ ਕੜੀ ਦੇ ਚਲਦਿਆਂ ਹੁਣ ਉਕਤ ਸੰਸਥਾ ਦੇ 28 ਖਿਡਾਰੀਆਂ ਨੇ ਵੱਖੋ-ਵੱਖ ਨੈਸ਼ਨਲ ਟੀਮਾਂ ਵਿੱਚ ਆਪੋ-ਆਪਣੀਆਂ ਥਾਵਾਂ ਪੱਕੀਆਂ ਕੀਤੀਆਂ ਹਨ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਇਹ ਖਿਡਾਰੀ ਸਟੇਟ ਟਰਾਇਲ ਪਾਸ ਕਰਕੇ 09 ਖੇਡਾਂ ਬੈਡਮਿੰਟਨ, ਵਾਲੀਵਾਲ, ਫੁੱਟਬਾਲ, ਪਾਵਰ-ਲਿਫਟਿੰਗ, ਸਾਈਕਲਿੰਗ, ਬਾਸਕਿਟਬਾਲ, ਟੇਬਲ-ਟੈਨਿਸ, ਬਾਓਲਿੰਗ ਅਤੇ ਬੋਚੀ ਦੀਆਂ ਨੈਸ਼ਨਲ ਟੀਮਾਂ ਲਈ ਚੁਣੇ ਗਏ ਹਨ। ਜਿੰਨ੍ਹਾ ਵਿੱਚੋਂ 21 ਖਿਡਾਰੀਆਂ ਦੀ ਕਿਸੇ ਨਾ ਕਿਸੇ ਇਕੱਲੀ ਅਤੇ 07 ਦੀ ਦੋ ਟੀਮਾਂ ਲਈ ਚੋਣ ਹੋਈ ਹੈ। ਜਿਕਰਯੋਗ ਹੈ ਕਿ ਆਪਣੇ ਵਿਦਿਆਰਥੀ ਜੀਵਨ ਦੌਰਾਨ ਬਾਸਕਿਟਬਾਲ, ਫੁੱਟਬਾਲ ਤੇ ਅਥਲੈਟਿਕਸ ਦੇ ਖਿਡਾਰਨ ਰਹੇ ਸੰਸਥਾ ਪ੍ਰਬੰਧਕ ਬੀਬੀ ਰਜਿੰਦਰ ਕੌਰ ਨੇ ਇੱਥੋਂ ਦੇ ਖਿਡਾਰੀਆਂ ਦੀ ਸਿਖਲਾਈ ਦਾ ਜਿੰਮਾ ਖੁਦ ਸੰਭਾਲ਼ਿਆ ਹੋਇਆ ਹੈ। ਜੋ ਉਚੇਚੇ ਤੌਰ ‘ਤੇ ਸੁਵੱਖਤੇ ਹੀ ਆਪ ਮੈਦਾਨ ਵਿੱਚ ਪਹੁੰਚ ਕੇ ਸਮੁੱਚੇ ਲੋੜੀਂਦੇ ਪ੍ਰਬੰਧਾਂ ਦੀ ਵਾਗਡੋਰ ਸੰਭਾਲਦੇ ਹਨ ਅਤੇ ਟਰਾਇਲ ਜਾਂ ਮੈਚ ਹੋਣ ਤੱਕ ਟੀਮਾਂ ਨਾਲ਼ ਆਪਣੀ ਸ਼ਮੂਲੀਅਤ ਯਕੀਨੀ ਰੱਖਦੇ ਹਨ। ਉਨ੍ਹਾਂ ਅਮਾਇਰਾ ਗਰੁੱਪ, ਖਰੜ ਅਤੇ ਵੰਨ ਮੋਰ ਰੈਪ ਜਿੰਮ, ਕੁਰਾਲੀ ਦਾ ਖ਼ਾਸ ਧੰਨਵਾਦ ਕਰਦਿਆਂ ਦੱਸਿਆ ਕਿ ਇਹਨਾਂ ਅਦਾਰਿਆਂ ਨੇ ਸਾਡੇ ਬਾਓਲਿੰਗ ਤੇ ਪਾਵਰ-ਲਿਫਟਿੰਗ ਦੇ ਖਿਡਾਰੀਆਂ ਦੀ ਸਿਖਲਾਈ ਵਿੱਚ ਨਿਸ਼ਕਾਮ ਭਾਵਨਾ ਨਾਲ਼ ਵਿਸ਼ੇਸ਼ ਯੋਗਦਾਨ ਪਾਇਆ।

# 'ਯੁੱਧ ਨਸ਼ਿਆਂ ਵਿਰੁੱਧ' ਦਾ ਹਸਰ - ਨਸ਼ਾ ਬੰਦ ਨਹੀਂ ਹੋਇਆ ਉਲਟਾ ਨਸ਼ਾ ਤਸਕਰਾਂ ਧੜੱਲੇ ਨਾਲ ਨਸ਼ਾ ਵਿਰੋਧੀ ਮੁਹਿੰਮ ਚਲਾਉਣ ਵਾਲਿਆਂ ਉਤੇ ਜਾਨ ਲੇਵਾ ਹਮਲੇ ਕਰ ਰਹੇ ਨੇ - ਲਿਬਰੇਸ਼ਨ

## ਸਰਕਾਰ ਜਖਮੀ ਫੌਜੀ ਦੇ ਬੇਹਤਰ ਇਲਾਜ ਦੀ ਜ਼ਿੰਮੇਵਾਰੀ ਲਵੇ, ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜਾ ਤੇ ਸੁਰਖਿਆ ਦੇਵੇ

### ਭਾਈ ਬਖਤੌਰ ਕਾਂਡ ਦੇ ਦੋਸੀਆਂ ਖਿਲਾਫ ਜੁਰਮਾਂ ਦੇ ਵਾਧੇ ਤੇ ਥਾਣੇਦਾਰ ਖਿਲਾਫ ਕੇਸ ਦਰਜ ਕਰਨ ਦੀ ਮੰਗ



**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਮਾਨ ਸਰਕਾਰ ਦਾ ਐਲਾਨ ਹੈ ਕਿ 31 ਮਈ ਤੱਕ ਪੰਜਾਬ ਨਸਿਆਂ - ਖਾਸ ਕਰ ਚਿੱਟੇ ਤੋਂ ਮੁਕਤ ਕਰ ਦਿੱਤਾ ਗਿਆ ਹੈ, ਪਰ ਹਕੀਕਤ ਇਸ ਤੋਂ ਉਲਟ ਹੈ। ਸੱਤਾਧਾਰੀਆਂ ਤੇ ਪੁਲੀਸ ਅਫਸਰਾਂ ਦੀ ਸਰਪ੍ਰਸਤੀ ਵਿੱਚ ਹੁਣ ਨਸਾ ਤਸਕਰ ਐਨੇ ਖ਼ੂੰਖਾਰ ਹੋ ਗਏ ਨੇ ਕਿ ਉਹ ਇਸ ਘਾਤਕ ਧੰਦੇ ਖਿਲਾਫ ਆਵਾਜ ਉਠਾਉਣ ਵਾਲਿਆਂ ਦੀ ਜਾਨ ਲੈਣ ਲਈ ਦਿਨ ਦੀਵੀਂ ਸੰਗਠਤ ਹਮਲੇ ਕਰ ਰਹੇ ਨੇ - ਇਹ ਗੱਲ ਪਿੰਡ ਭਾਈ ਬਖਤੌਰ ਦੇ ਵਾਸੀ ਸਾਬਕਾ ਫੌਜੀ ਰਣਬੀਰ ਸਿੰਘ ਦਾ ਹਾਲ ਪਤਾ ਕਰਨ ਗਏ ਸੀਪੀਆਈ (ਐਮ ਐਲ) ਲਿਬਰੇਸਨ ਦੇ ਇੱਕ ਵਫਦ ਵਲੋਂ ਕਹੀ ਗਈ ਹੈ। ਜਿ?ਕਰਯੋਗ ਹੈ ਕਿ ਪਿੰਡ ਦੇ ਨੌਜਵਾਨਾਂ ਨੂੰ ਨਸਿ?ਆਂ ਖਿ?ਲਾਫ ਜਾਗਰਤ ਕਰਨ ਤੇ ਖੇਡਾਂ ਵੱਲ ਖਿੱਚਣ ਦੇ ਲਗਾਤਾਰ ਯਤਨ ਕਰ ਰਹੇ ਰਣਬੀਰ ਸਿੰਘ ਫੌਜੀ ਨੂੰ 31 ਮਈ ਸਾਮ ਨੂੰ ਇਸੇ ਪਿੰਡ ਦੇ ਤਸਕਰਾਂ ਵਲੋਂ ਜਾਨੋ ਮਾਰ ਦੇਣ ਦੇ ਇਰਾਦੇ ਨਾਲ ਬਹੁਤ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਗਿਆ।

ਕਾਮਰੇਡ ਜਸਬੀਰ ਕੌਰ ਨੱਤ, ਬਲਵਿੰਦਰ ਸਿੰਘ ਘਰਾਂਗਣਾਂ, ਸੁਖਦਰਸਨ ਸਿੰਘ ਨੱਤ ਅਤੇ ਸੁਖਜੀਤ ਸਿੰਘ ਰਾਮਾਨੰਦੀ ਉਤੇ ਅਧਾਰਤ ਲਿਬਰੇਸਨ ਦੀ ਇਸ ਟੀਮ ਨੇ ਪਹਿਲਾਂ ਭਾਈ ਬਖਤੌਰ ਜਾ ਕੇ ਪਿੰਡ ਦੇ ਇਕ ਜਾਗਰੂਕ ਨੌਜਵਾਨ ਲਖਬੀਰ ਸਿੰਘ ਲੱਖੀ ਨਾਲ ਮੁਲਾਕਾਤ ਕੀਤੀ। ਲੱਖੀ ਨੇ ਦੱਸਿਆ ਕਿ ਰਣਬੀਰ ਸਿੰਘ ਉਤੇ ਨਸਾ ਤਸਕਰਾਂ ਵਲੋਂ ਕੀਤੇ ਹਮਲੇ ਬਾਰੇ ਮੇਰੇ ਵਲੋਂ ਇਕ ਵੀਡੀਓ ਰਾਹੀਂ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਖੁੱਲ੍ਹੇ ਆਮ ਚਿੱਟਾ ਵਿਕਣ ਦਾ ਵੇਰਵਾ ਦੇਣ ਕਾਰਨ ਅਗਲੇ ਹੀ ਦਿਨ ਥਾਣਾ ਕੋਟ ਫੱਤਾ ਦੇ ਐਸਐਚਓ ਮੁਨੀਸ ਕੁਮਾਰ ਨੇ ਫੋਰਸ ਸਮੇਤ ਪਿੰਡ ਆ ਕੇ ਮੇਰੀ ਬੇਇੱਜਤੀ ਕੀਤੀ ਅਤੇ ਮੈਨੂੰ ਚੁੱਕ ਲੈਣ ਦੀ ਸਿੱਧੀ ਧਮਕੀ ਦਿੱਤੀ। ਉਹ ਚਾਹੁੰਦਾ ਸੀ ਕਿ ਮੈਂ ਇਕ ਹੋਰ ਵੀਡੀਓ ਪਾ ਕੇ ਕਿਹਾ ਕਿ ਸਾਡੇ ਪਿੰਡ ਕਿਧਰੇ ਵੀ ਕੋਈ ਨਾ ਚਿੱਟਾ ਵੇਚਦਾ ਹੈ ਤੇ ਨਾ ਲਾਉਂਦਾ ਹੈ ਭਾਵ ਇਹ ਪਿੰਡ ਹੁਣ ਨਸਾ ਮੁਕਤ ਹੋ ਗਿਆ ਹੈ। ਪਰ ਮੈਂ ਅਜਿਹਾ ਝੂਠ ਬੋਲਣ ਤੋਂ ਇਨਕਾਰ ਕਰ ਦਿੱਤਾ। ਮੇਰੇ ਹੱਕ ਵਿੱਚ ਪਿੰਡ ਵਾਸੀਆਂ ਦਾ ਇੱਕਠ ਹੋ ਜਾਣ ਕਾਰਨ ਉਦੋਂ ਐਸਐਚਓ ਨੂੰ ਵਾਪਸ ਜਾਣਾ ਪਿਆ ਅਤੇ ਮੈਂ ਤੁਰੰਤ ਵਟਸਐਪ ਰਾਹੀਂ ਇਸ ਘਟਨਾ ਬਾਰੇ ਡੀਐਸਪੀ ਮੈਡਮ ਨੂੰ ਸ਼ਿ?ਕਾਇਤ ਭੇਜ ਦਿੱਤੀ। ਬਾਦ ਵਿੱਚ ਪਤਾ ਲੱਗਾ ਹੈ ਕਿ ਕਾਰਵਾਈ ਦੇ ਨਾਂ 'ਤੇ ਐਸਐਚਓ ਮੁਨੀਸ ਕੁਮਾਰ ਨੂੰ ਸਿਰਫ ਲਾਈਨ ਹਾਜਰ ਹੀ ਕੀਤਾ ਗਿਆ ਹੈ।

ਪਾਰਟੀ ਦੀ ਟੀਮ ਨੇ ਬਠਿੰਡਾ ਪਹੁੰਚ ਕੇ ਇਕ ਪ੍ਰਾਈਵੇਟ ਹਸਪਤਾਲ ਵਿੱਚ ਜੇਰੇ-ਇਲਾਜ ਰਣਬੀਰ ਸਿੰਘ ਦੀ ਹਾਲਤ ਅਤੇ ਉਸ ਉੱਤੇ ਹੋਏ ਹਮਲੇ ਬਾਰੇ ਉਥੇ ਹਾਜਰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਰਣਵੀਰ ਸਿੰਘ ਦੀ ਭੈਣ ਨੇ ਸਾਨੂੰ ਦਸਿਆ ਕਿ ਉਸ ਦਿਨ ਤਿੰਨ ਹਮਲਾਵਰਾਂ ਕੁਲਦੀਪ ਉਰਫ ਕਾਲਾ, ਗੁਰਪ੍ਰੀਤ ਉਰਫ ਪ੍ਰੀਤਾ ਅਤੇ ਇਕ ਅਣਪਛਾਤੇ ਨੇ ਖੇਤੋਂ ਮੁੜੇ ਰਣਬੀਰ ਸਿੰਘ ਉਤੇ ਅਚਾਨਕ ਹਮਲਾ ਕਰਕੇ ਉਸ ਦੀਆਂ ਦੋਵੇਂ ਲੱਤਾਂ ਭਾਰੀ ਹਥਿਆਰਾਂ ਨਾਲ ਚਕਨਾਚੂਰ ਕਰ ਦਿੱਤੀਆਂ। ਜੇਕਰ ਕਈ ਆਂਢੀ ਗੁਆਂਢੀ ਰੌਲਾ ਪਾਉਂਦੇ ਉਸ ਨੂੰ ਬਚਾਉਣ ਮੌਕੇ ਤੇ ਨਾ ਆਉਂਦੇ, ਤਾਂ ਹਮਲਾਵਰਾਂ ਨੇ ਮੇਰੇ ਭਰਾ ਨੂੰ ਜਾਨੋਂ ਮਾਰ ਦੇਣਾ ਸੀ। ਨਸਾ ਵੇਚਣ ਵਾਲੇ ਇੰਨਾਂ ਹਮਲਾਵਰ ਦੀ ਰਣਬੀਰ ਸਿੰਘ ਨਾਲ ਰੰਜਿਸ ਇਹ ਸੀ ਕਿ ਪਹਿਲਾਂ ਪਿੰਡ ਵਿੱਚ ਸਾਡੇ ਧੰਦੇ ਨੂੰ ਰੋਕਣ ਲਈ ਫੌਜੀ ਨੇ ਮੂਹਰੇ ਲੱਗ ਕੇ ਨਸਾ ਰੋਕੂ ਕਮੇਟੀ ਬਣਾਈ ਅਤੇ ਹੁਣ ਵੀ ਸਾਡਾ ਧੰਦਾ ਬੰਦ ਕਰਵਾਉਣ ਲਈ ਇਹ ਲਗਾਤਾਰ ਪ੍ਰਚਾਰ ਕਰਦਾ ਹੈ। ਹਮਲੇ ਤੋਂ ਬਾਅਦ ਇੰਨਾਂ ਬਦਮਾਸਾਂ ਨੇ ਦਹਿਸਤ ਪਾਉਣ ਲਈ ਫਾਇਰਿੰਗ ਵੀ ਕੀਤੀ ਅਤੇ ਪਿਸਤੌਲ ਬੰਦੂਕਾਂ ਲਹਿਰਾਉਂਦੇ ਹੋਏ ਗਾਲਾਂ ਧਮਕੀਆਂ ਦਿੰਦੇ ਵੀਡੀਓ ਬਣਾ ਕੇ ਵਾਇਰਲ ਵੀ ਕੀਤੀ। ਇੰਨਾਂ ਦੋਸੀਆਂ ਖਿਲਾਫ ਪਹਿਲਾਂ ਵੀ ਐਨਡੀਪੀਐਸ ਐਕਟ ਅਤੇ ਆਰਮਜ ਐਕਟ ਤਹਿਤ ਪੰਜ ਪੰਜ ਪਰਚੇ ਦਰਜ ਹਨ ਅਤੇ ਸਿਰਫ ਸਤਾਰਾਂ ਦਿਨ ਪਹਿਲਾਂ ਹੀ ਇਹ ਜਮਾਨਤ ਉਤੇ ਜੇਲੋਂ ਬਾਹਰ ਆਏ ਸਨ। ਇਸ ਤਾਜਾ ਵਾਰਦਾਤ ਵਿੱਚ ਹੁਣ ਤੱਕ ਪੁਲਿਸ ਨੇ ਸਿਰਫ ਦੋ ਹਮਲਾਵਰਾਂ ਨੂੰ ਹੀ ਫੜਿਆ ਹੈ।

ਲਿਬਰੇਸਨ ਦੀ ਟੀਮ ਨੇ ਪੰਜਾਬ ਸਰਕਾਰ ਅਤੇ ਬਠਿੰਡਾ ਜ਼ਿ?ਲ੍ਹਾ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਐਫਆਈਆਰ ਵਿੱਚ ਜੁਰਮਾਂ ਦਾ ਵਾਧਾ ਕਰਕੇ ਹਮਲਾਵਰ ਤਸਕਰਾਂ ਖਿਲਾਫ ਪਿੰਡ ਵਿੱਚ ਗੋਲੀਬਾਰੀ ਕਰਨ ਅਤੇ ਨਜਾਇਜ ਅਸਲਾ ਰੱਖਣ ਦੀਆਂ ਧਾਰਾਵਾਂ ਵੀ ਜੋੜੀਆਂ ਜਾਣ। ਤਸਕਰਾਂ ਨਾਲ ਮਿਲੀਭੁਗਤ ਰੱਖਣ ਅਤੇ ਲਖਬੀਰ ਸਿੰਘ ਨੂੰ ਨਜਾਇਜ ਤੌਰ 'ਤੇ ਧਮਕਾਉਣ ਬਦਲੇ ਐਸ ਐਚ ਓ ਮੁਨੀਸ ਕੁਮਾਰ ਖਿ?ਲਾਫ ਵੀ ਕੇਸ ਦਰਜ ਕਰਕੇ ਉਸ ਨੂੰ ਮੁਅੱਤਲ ਤੇ ਗ੍ਰਿਫਤਾਰ ਕੀਤਾ ਜਾਵੇ ਅਤੇ ਨਸਿ?ਆਂ ਨੂੰ ਰੋਕਣ ਬਦਲੇ ਬੁਰੀ ਤਰ੍ਹਾਂ ਵੱਢੇ ਟੁੱਕੇ ਤੇ ਅਪਾਹਜ ਕਰ ਦਿੱਤਾ ਗਏ ਫੌਜੀ ਰਣਬੀਰ ਸਿੰਘ ਦਾ ਇਲਾਜ ਖੁਦ ਸਰਕਾਰ ਵਲੋਂ ਕਿਸੇ ਸਭ ਤੋਂ ਵਧੀਆ ਹਸਪਤਾਲ ਵਿੱਚ ਕਰਵਾਇਆ ਜਾਵੇ, ਹੋਏ ਗੰਭੀਰ ਨੁਕਸਾਨ ਦੀ ਪੂਰਤੀ ਲਈ ਉਸ ਨੂੰ ਢੁੱਕਵਾਂ ਇਵਜਾਨਾ, ਉਸ ਦੇ ਬੇਟੇ ਨੂੰ ਯੋਗਤਾ ਮੁਤਾਬਿਕ ਨੌਕਰੀ ਅਤੇ ਰਣਬੀਰ ਸਿੰਘ ਤੇ ਲਖਬੀਰ ਸਿੰਘ ਦੇ ਪਰਿਵਾਰਾਂ ਨੂੰ ਪੂਰੀ ਸੁਰਖਿਆ ਪ੍ਰਦਾਨ ਕੀਤੀ ਜਾਵੇ।

# ਰੁੱਖਾਂ ਦੀ ਘਾਟ ਵਾਤਾਵਰਨ ਅਸੰਤੁਲਨ ਦਾ ਕਾਰਨ ਬਣਦੀ ਹੈ - ਤਲਵਾੜ

### ਗ੍ਰਾਮ ਪੰਚਾਇਤ ਬੱਸੀ ਗੁਲਾਮ ਹੁਸੈਨ ਨੇ 5000 ਰੁੱਖ ਲਗਾਉਣ ਦਾ ਪ੍ਰਣ ਲਿਆ




**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਾਡੇ ਧਾਰਮਿਕ ਗੁਰੂਆਂ ਅਤੇ ਧਾਰਮਿਕ ਗ੍ਰੰਥਾਂ ਨੇ ਸਾਨੂੰ ਕੁਦਰਤ ਵੱਲੋਂ ਦਿੱਤੀਆਂ ਗਈਆਂ ਅਨਮੋਲ ਚੀਜਾਂ ਜਿਵੇਂ ਕਿ ਪਾਣੀ, ਜਲਵਾਯੂ, ਧਰਤੀ ਅਤੇ ਰੁੱਖਾਂ ਦੀ ਹਮੇਸਾ ਰੱਖਿਆ ਕਰਨ ਦੀ ਸਿੱਖਿਆ ਦਿੱਤੀ ਹੈ, ਪਰ ਮਨੁੱਖ ਨੇ ਆਪਣੇ ਭੌਤਿਕ ਲਾਭਾਂ ਲਈ ਸਮੇਂ-ਸਮੇਂ 'ਤੇ ਇਨ੍ਹਾਂ ਸਾਰੀਆਂ ਚੀਜਾਂ ਦਾ ਨੁਕਸਾਨ ਕੀਤਾ ਹੈ, ਜਿਸ ਕਾਰਨ ਅੱਜ ਵਾਤਾਵਰਣ ਅਸੰਤੁਲਿਤ ਹੋ ਗਿਆ ਹੈ ਅਤੇ ਮਨੁੱਖੀ ਜੀਵਨ ਲਈ ਖਤਰਾ ਬਣ ਗਿਆ ਹੈ। ਉਪਰੋਕਤ ਸਬਦ ਸ੍ਰੋਮਣੀ ਅਕਾਲੀ ਦਲ ਦੇ ਕਾਮੀ ਉਪ ਮੁਖੀ ਸੰਜੀਵ ਤਲਵਾੜ ਨੇ ਸਵਾਮੀ ਬਸੰਤ ਗਿਰੀ ਮਹਾਰਾਜ ਦੀ ਬਰਸੀ 'ਤੇ ਗ੍ਰਾਮ ਪੰਚਾਇਤ ਬੱਸੀ ਗੁਲਾਮ ਹੁਸੈਨ ਵੱਲੋਂ 5000 ਪੌਦੇ ਲਗਾਉਣ ਦੇ ਮਤੇ ਦੀ ਸੁਰੂਆਤ ਕਰਦਿਆਂ ਕਹੇ। ਤਲਵਾੜ ਨੇ ਕਿਹਾ ਕਿ ਬੱਸੀ ਗੁਲਾਮ ਹੁਸੈਨ ਦੀ ਨੌਜਵਾਨ ਪੰਚਾਇਤ ਵੱਲੋਂ ਰਾਜਨੀਤਿਕ ਗਤੀਵਿਧੀਆਂ ਨੂੰ ਪਾਸੇ ਰੱਖ ਕੇ ਸਮਾਜਿਕ ਕਾਰਜ ਕਰਨ ਦੀ ਕੀਤੀ ਗਈ ਪਹਿਲਕਦਮੀ ਹੋਰ ਲੋਕਾਂ ਨੂੰ ਵੀ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਸੰਪੂਰਨ ਵਿਕਾਸ ਤਾਂ ਹੀ ਸੰਭਵ ਹੈ ਜਦੋਂ ਹਰ ਪਹਿਲੂ 'ਤੇ ਕੰਮ ਕੀਤਾ ਜਾਵੇ। ਇਸ ਮੌਕੇ ਸਰਪੰਚ ਸੁਖਜਿੰਦਰ ਸਿੰਘ ਨੇ ਕਿਹਾ ਕਿ ਸਾਰੇ ਨੌਜਵਾਨ ਦੋਸਤਾਂ ਨੇ ਪ੍ਰਣ ਕੀਤਾ ਹੈ ਕਿ ਉਨ੍ਹਾਂ ਦੇ 5 ਸਾਲਾਂ ਦੇ ਕਾਰਜਕਾਲ ਦੌਰਾਨ, ਸੰਜੀਵ ਤਲਵਾੜ ਦੀ ਮਦਦ ਨਾਲ, ਲਗਭਗ 5000 ਆਯੁਰਵੈਦਿਕ ਪੌਦੇ ਲਗਾਏ ਜਾਣਗੇ ਤਾਂ ਜੋ ਵਾਤਾਵਰਣ ਤੋਂ ਇਲਾਵਾ, ਮਨੁੱਖਾਂ ਲਈ ਦਵਾਈਆਂ ਵੀ ਪ੍ਰਾਪਤ ਕੀਤੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਉਹ ਪਿੰਡ ਵਾਸੀਆਂ ਨੂੰ ਵੀ ਇਸ ਕੰਮ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਬਲਵੀਰ ਸਿੰਘ ਫੌਜੀ, ਪੰਚ ਸੁਰਜੀਤ ਸਿੰਘ, ਪੰਚ ਮਨਜੀਤ ਸਿੰਘ, ਪੰਚ ਪ੍ਰਵੀਨ, ਸੈਣੀ ਦੀਪਕ ਮਨਜੀਤ ਕੁਮਾਰ, ਜਤਨ ਸੈਣੀ, ਈਸਾਨ ਤਨਿਸਕ ਰਾਜਵੀਰ ਆਦਿ ਵੀ ਹਾਜਰ ਸਨ।

# ਮੌਕ ਡਰਿੱਲ ਦੌਰਾਨ ਸੰਭਾਵੀ ਹਵਾਈ ਹਮਲੇ ਦੀ ਸਥਿਤੀ 'ਚ ਐਮਰਜੈਂਸੀ ਰਣਨੀਤੀ ਦਾ ਪ੍ਰਦਰਸ਼ਨ

### ਡੀ ਏ.ਵੀ ਕਾਲਜ ਵਿਖੇ ਸਿਵਲ ਡਿਫੈਂਸ ਤਹਿਤ ਕਰਵਾਈ ਸਫਲ ਮੌਕ ਡਰਿੱਲ




**ਹੁਸਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹਾ ਪ੍ਰਸਾਸਨ ਦੀ ਚੌਕਸੀ ਨੀਤੀ ਅਨੁਸਾਰ, ਮੰਗਲਵਾਰ ਨੂੰ ਡੀ.ਏ.ਵੀ ਕਾਲਜ, ਹੁਸਿ?ਆਰਪੁਰ ਵਿਖੇ ਸਿਵਲ ਡਿਫੈਂਸ ਨਾਲ ਸਬੰਧਤ ਇਕ ਸਫਲ ਮੌਕ ਡਰਿੱਲ ਕਰਵਾਈ ਗਈ। ਡਿਪਟੀ ਕਮਿਸਨਰ ਆਸਿਕਾ ਜੈਨ ਦੀ ਅਗਵਾਈ ਹੇਠ ਕਰਵਾਈ ਗਈ ਇਸ ਡਰਿੱਲ ਵਿਚ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਐਨ.ਸੀ.ਸੀ ਅਤੇ ਐਨ.ਐਸ.ਐਸ ਦੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਮੌਕ ਡਰਿੱਲ ਨੇ ਹਵਾਈ ਹਮਲੇ ਦੌਰਾਨ ਤੇਜ ਪ੍ਰਤੀਕਿਰਿਆ ਦਾ ਪ੍ਰਦਰਸਨ ਕੀਤਾ। ਇਸ ਦੌਰਾਨ ਹੋਮ ਗਾਰਡ, ਸਿਵਲ ਡਿਫੈਂਸ, ਸਿਹਤ ਵਿਭਾਗ, ਫਾਇਰ ਬ੍ਰਿਗੇਡ, ਪੰਜਾਬ ਪੁਲਿਸ ਅਤੇ ਕਈ ਗੈਰ-ਸਰਕਾਰੀ ਸੰਗਠਨਾਂ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ। ਪੰਜਾਬ ਹੋਮ ਗਾਰਡਜ ਦੇ ਅਧਿਕਾਰੀਆਂ ਨੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਮੌਜੂਦ ਵਿਦਿਆਰਥੀਆਂ ਨੂੰ ਮਹੱਤਵਪੂਰਨ ਸੁਝਾਅ ਵੀ ਦਿੱਤੇ। ਡਰਿੱਲ ਦੀ ਸਮਾਪਤੀ 'ਤੇ ਡਿਪਟੀ ਕਮਿਸਨਰ ਆਸਿ?ਕਾ ਜੈਨ ਨੇ ਕਿਹਾ ਕਿ ਇਹ ਅਭਿਆਸ ਸਰਕਾਰ ਦੀ ਚੌਕਸੀ ਨੀਤੀ ਤਹਿਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਜਾਂ ਐਮਰਜੈਂਸੀ ਸਥਿਤੀ ਵਿਚ ਜ਼ਿ?ਲ੍ਹਾ ਪ੍ਰਸਾਸਨ ਦੀ ਸਮਰੱਥਾ ਅਤੇ ਤਾਲਮੇਲ ਦੀ ਜਾਂਚ ਕੀਤੀ ਜਾ ਸਕੇ। ਉਨ੍ਹਾਂ ਸਪੱਸਟ ਕੀਤਾ ਕਿ ਇਹ ਸਿਰਫ ਇਕ ਮਾਡਲ ਅਭਿਆਸ ਸੀ, ਇਸ ਲਈ ਆਮ ਲੋਕਾਂ ਨੂੰ ਡਰਨ ਜਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਮੌਕ ਡਰਿੱਲ ਦਾ ਉਦੇਸ ਨਾਗਰਿਕਾਂ ਨੂੰ ਅਜਿਹੀਆਂ ਸਥਿਤੀਆਂ ਲਈ ਮਾਨਸਿਕ ਤੌਰ 'ਤੇ ਤਿਆਰ ਕਰਨਾ ਹੈ। ਉਨ੍ਹਾਂ ਨੌਜਵਾਨਾਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਜਾਗਰੂਕਤਾ ਮੁਹਿੰਮਾਂ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਮੌਕ ਡਰਿੱਲ ਵਿਚ ਸਿਵਲ ਡਿਫੈਂਸ, ਫਾਇਰ ਡਿਪਾਰਟਮੈਂਟ, ਸਿਹਤ ਵਿਭਾਗ, 12 ਪੰਜਾਬ ਐਨ.ਸੀ.ਸੀ., ਪੁਲਿਸ ਅਤੇ ਹੋਮ ਗਾਰਡ ਦੇ ਅਧਿਕਾਰੀਆਂ ਅਤੇ ਜਵਾਨਾਂ ਨੇ ਉਤਸਾਹ ਨਾਲ ਹਿੱਸਾ ਲਿਆ। ਅਭਿਆਸ ਦੌਰਾਨ ਆਪਸੀ ਤਾਲਮੇਲ ਅਤੇ ਤੇਜ ਪ੍ਰਤੀਕਿਰਿਆ ਸਮਰੱਥਾ ਦੀ ਵੀ ਸਮੀਖਿਆ ਕੀਤੀ ਗਈ।



## ਗੁਰੂ ਨਾਨਕ ਜਿਲ੍ਹਾ ਲਾਇਬ੍ਰੇਰੀ ਕਪੂਰਥਲਾ ਦੀ ਇੱਕ ਵਿਸੇਸ ਮੀਟਿੰਗ ਹੋਈ

**ਕਪੂਰਥਲਾ ( ਕੌੜਾ )**- ਗੁਰੂ ਨਾਨਕ ਜਿਲ੍ਹਾ ਲਾਇਬ੍ਰੇਰੀ ਕਪੂਰਥਲਾ ਦੀ ਇੱਕ ਵਿਸੇਸ ਮੀਟਿੰਗ ਲਾਈਬ੍ਰੇਰੀਅਨ ਮੈਂਬਰ ਐਸੋਸੀਏਸਨ ਕਪੂਰਥਲਾ ਦੇ ਪ੍ਰਧਾਨ ਪ੍ਰਿੰਸੀਪਲ ਕੇਵਲ ਸਿੰਘ ਦੀ ਪ੍ਰਧਾਨਗੀ ਹੇਠ ਲਾਇਬ੍ਰੇਰੀ ਕੰਪਲੈਕਸ ਕਪੂਰਥਲਾ ਵਿਖੇ ਹੋਈ। ਜਿਸ ਵਿੱਚ ਨਵਾਬ ਜੱਸਾ ਸਿੰਘ ਆਲੂਵਾਲੀਆ ਕਾਲਜ ਕਪੂਰਥਲਾ ਦੇ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਖੰਨਾ ਨੂੰ ਲਾਇਬ੍ਰੇਰੀ ਕਪੂਰਥਲਾ ਦੇ ਡਰਾਇੰਗ ਅਤੇ ਡਿਸਾਰਮਰਸਿੰਗ ਦੇ ਤੌਰ ਤੇ ਚਾਰਜ ਸੰਭਾਲਣ ਦੇ ਮੌਕੇ ਸਮੂਹ ਮੈਂਬਰਾਂ ਨੇ ਨਿੱਘਾ ਸਾਨਦਾਰ ਸਵਾਗਤ ਕੀਤਾ। ਇਸ ਮੌਕੇ ਤੇ ਜਸਪ੍ਰੀਤ ਕੌਰ ਜਿਲ੍ਹਾ ਭਾਸਾ ਅਧਿਕਾਰੀ ਕਪੂਰਥਲਾ ਵੱਲੋਂ ਲੰਬਾ ਸਮਾਂ ਕਰੀਬ ਸਾਢੇ ਤਿੰਨ ਸਾਲ ਬਤੌਰ ਇੰਚਾਰਜ ਸਾਨਦਾਰ ਸੇਵਾਵਾਂ ਨਿਭਾਈਆਂ। ਸਾਰੇ ਮੈਂਬਰਾਂ ਨੇ ਧੰਨਵਾਦ ਕਰਦੇ ਹੋਏ ਅੱਗੇ ਤੋਂ ਪੂਰਨ ਸਹਿਯੋਗ ਦੀ ਆਸ ਪ੍ਰਗਟ ਕੀਤੀ ਤੇ ਇਹ ਸਮਾਗਮ ਵਿੱਚ ਜਿਲ੍ਹਾ ਲਾਇਬ੍ਰੇਰੀ ਕਪੂਰਥਲਾ ਦੇ ਨਵੇਂ ਆਏ ਲਾਇਬ੍ਰੇਰੀਅਨ ਰਵੇਲ ਸਿੰਘ ਦਾ ਵੀ ਸਵਾਗਤ ਕੀਤਾ ।

ਜੋ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਕਾਲਜ ਦੇ ਪ੍ਰਿੰਸੀਪਲ ਤੇ ਲਾਇਬ੍ਰੇਰੀ ਇੰਚਾਰਜ ਮੋਨਿਕਾ ਖੰਨਾ ਨੇ ਵਾਅਦਾ ਕੀਤਾ ਕਿ ਪੰਜਾਬ ਦੀ ਨੰਬਰ ਇੱਕ ਗੁਰੂ ਨਾਨਕ ਜ?ਿਲ੍ਹਾ ਲਾਇਬ੍ਰੇਰੀ ਨੂੰ ਹੋਰ ਬੁਲੰਦੀਆਂ ਤੱਕ ਲੈ ਕੇ ਜਾਣ ਤੇ ਪੰਜਾਬ ਹੀ ਨਹੀਂ ਭਾਰਤ ਵੀ ਨੰਬਰ ਇੱਕ ਲਾਇਬ੍ਰੇਰੀ ਬਣਾਉਣ ਲਈ ਤੁਹਾਡੇ ਸਹਿਯੋਗ ਨਾਲ ਹਰ ਸੰਭਵ ਯਤਨ ਕਰਾਂਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਕੇਵਲ ਸਿੰਘ ਮੋਮੀ ਸੇਵਾ ਮੁਕਤ ਪ੍ਰਿੰਸੀਪਲ ਨੇ ਲਾਇਬ੍ਰੇਰੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਠਕਾਂ ਲਈ ਜਿੱਥੇ ਵਧੀਆ ਫਰਨੀਚਰ ਸੁੱਧ ਵਾਤਾਵਰਨ ਤੇ ਸਾਨਦਾਰ ਫੁਲਵਾੜੀ ਦੇ ਨਾਲ ਨਾਲ 50,000 ਤੋਂ ਵੱਧ ਕੀਮਤੀ ਕਿਤਾਬਾਂ ਦਾ ਖਜਾਨਾ ਮੌਜੂਦ ਹੈ। ਮੀਟਿੰਗ ਵਿੱਚ ਹੋਰਨਾ ਤੋਂ ਇਲਾਵਾ ਲੇਖਕ ਚੰਨ ਮੋਮੀ, ਗੁਰਦੀਪ ਸਿੰਘ, ਰੋਸਨ ਸਭਰਵਾਲ, ਡਾਕਟਰ ਅਨੁਰਾਗ ਵਰਮਾ, ਡਾਕਟਰ ਹਰਭਜਨ ਸਿੰਘ, ਪ੍ਰੋਫੈਸਰ ਕੁਲਵੰਤ ਔਜਲਾ, ਪ੍ਰੋ ਸਰਦੂਲ ਸਿੰਘ ਔਜਲਾ, ਸੁੱਚਾ ਸਿੰਘ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਸਵਰਾਜ ਕੌਰ ਨਿਰਮਲ ਸਿੰਘ ਖਾਲੂ ਆਦਿ ਹਾਜਰ ਸਨ।

## ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂ ਨੂੰ ਸਦਮਾ ਬੇਟੀ ਦਾ ਦਿਹਾਂਤ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)**- ਬੀਕੇਯੂ ਦੁਆਬਾ ਦੇ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਤੰਦਾਉਰਾ ਨੂੰ ਉਸ ਵਕਤ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਹੋਣਹਾਰ ਬੇਟੀ ਰਾਜਵਿੰਦਰ ਕੌਰ ਜੋਂ ਕਿ ਪੁਰੇਵਾਲ ਪੱਤੀ ਵਿਖੇ ਵਿਹਾਏ ਹੋਏ ਸਨ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲ ਰਹੇ ਸਨ ਅਚਾਨਕ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਆਪਣੇ ਪਤੀ ਸੋਨੂੰ ਪੁਰੇਵਾਲ ਅਤੇ ਇਕ ਬੇਟੀ ਨੂੰ ਛੱਡ ਕੇ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਦੁਖ ਦੀ ਖਬਰ ਨੂੰ ਸੁਣਦਿਆਂ ਕਿਸਾਨ, ਮਜਦੂਰ, ਮੁਲਾਜਮ ਜਥੇਬੰਦੀਆਂ ਵਿਚ ਸੋਗ ਦੀ ਲਹਿਰ ਦੌੜ ਗਈ। ਇਸ ਦੁਖ ਦੀ ਘੜੀ ਵਿੱਚ ਅਲੱਗ - ਅਲੱਗ ਜਥੇਬੰਦੀਆਂ ਦੇ ਆਗੂਆਂ, ਰਾਜਨੀਤਕ ਨੇਤਾਵਾਂ, ਸਮੂਹ ਪੱਤਰਕਾਰ ਭਾਈਚਾਰੇ ਅਤੇ ਰਿਸਤੇਦਾਰਾਂ ਵੱਲੋਂ ਬੀਕੇਯੂ ਦੁਆਬਾ ਦੇ ਪ੍ਰਧਾਨ ਕਸਮੀਰ ਸਿੰਘ ਪੰਨੂ ਨਾਲ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਪੀੜਤ ਪਰਿਵਾਰ ਨੇ ਦੱਸਿਆ ਰਾਜਵਿੰਦਰ ਕੌਰ ਦਾ ਸੰਸਕਾਰ ਅੱਜ 6 ਜੂਨ ਨੂੰ ਦੁਪਹਿਰ 12 ਵਜੇ ਪੁਰੇਵਾਲ ਪੱਤੀ ਵਿਖੇ ਕੀਤਾ ਜਾਵੇਗਾ।



# ਬਾਬਾ ਪ੍ਰੇਮ ਸ਼ਾਹ ਵਲੋਂ ਕੀਤਾ ਮੇਲੇ ਦੌਰਾਨ ਗਾਇਕ ਭੈਣਾਂ ਕੌਰ ਸਿਸਟਰਜ਼ ਦਾ ਵਿਸ਼ੇਸ਼ ਸਨਮਾਨ

**ਲੁਧਿਆਣਾ** - ਪੀਰ ਖਾਨਗਾਹ ਸੱਯੀਅਦ ਜਾਹਰ ਪੀਰ ਬਲੀ ਦਰਬਾਰ ਪਿੰਡ ਸੇਲਕੀਆਣਾ ਵਿਖ਼ੇ ਗਾਇਕੀ ਵਿਚ ਵੱਖਰੀ ਪਹਿਚਾਣ ਬਣਾ ਰਹੀਆਂ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ ਬੇਬੀ ਏ ਕੌਰ ਅਮਰੀਤ ਕੌਰ ਦਾ ਦਰਬਾਰ ਦੇ ਮੁੱਖ ਸੇਵਾਦਾਰ ਪ੍ਰੇਮ ਸ਼ਾਹ ਜੀ ਲੁਧਿਆਣੇ ਵਾਲਿਆਂ ਨੇ ਵਿਸ਼ੈਸ਼ ਤੌਰ ਤੇ ਸਨਮਾਨਿਤ ਕੀਤਾ ਜਿਕਰਯੋਗ ਹੈ ਕਿ ਸਾਈ ਪ੍ਰੇਮ ਸ਼ਾਹ ਜੀ ਗਾਇਕਾ ਕੌਰ ਸਿਸਟਰਜ਼ ਦੀ ਗਾਇਕੀ ਸਬੰਧੀ ਕਲਾ ਦੀ ਕਦਰ ਕਰਦਿਆਂ ਦਰਬਾਰ ਵਿਚ ਸਲਾਨਾ ਜੋੜ ਮੇਲੇ ਮੌਕੇ ਪਗੜੀ ਨਾਲ ਸਨਮਾਨਿਤ ਕੀਤਾ, ਤੇ ਜਿਨ੍ਹਾਂ ਸਮਾਂ ਸਾਡੇ ਪੀਰ ਖਾਨਗਾਹ ਸੱਯੀਅਦ ਜਹਾਰ ਬਲੀ ਦਰਬਾਰ ਅਤੇ ਡੇਰਾ ਗੌਸ ਪਾਕ ਗਿਆਰਵੀ ਵਾਲੀ ਸਰਕਾਰ ਸਲੇਮ ਟਾਬਰੀ ਲੁਧਿਆਣੇ 'ਚ ਦਾਤਿਆਂ ਦੀ ਕ੍ਰਿਪਾ ਨਾਲ ਮੇਲੇ ਲੱਗਣਗੇ ਇਹ ਦੋਵੇਂ ਬੱਚੀਆਂ ਆਪਣਾ ਪ੍ਰੋਗਰਾਮ ਪੇਸ਼ ਕਰਿਆ ਕਰਨਗੀਆਂ ਦਾਤਿਆਂ ਨੇ ਚਾਹਿਆ ਤਾ ਵੇਂ ਸ਼ੱਕ ਇਹ ਬੱਚੀਆਂ ਸੁਪਰ ਸਟਾਰ ਗਾਇਕਾ ਬਣ ਜਾਣ ਇਹ ਮੇਲਿਆਂ ਤੇ ਹਾਜ਼ਰੀ ਜਰੂਰ ਲਗਵਾਉਣਗੀਆਂ ਸਾਈ ਪ੍ਰੇਮ ਸ਼ਾਹ ਨੇ ਦੱਸਿਆ ਕਿ ਜੋ ਵੀ ਸੰਗਤ ਇਸ ਦਰਬਾਰ ਤੇ ਸ਼ਰਧਾ ਭਾਵਨਾ ਨਾਲ ਆਸ ਲੈਕੇ ਆਉਂਦੀ ਹੈ ਅਤੇ ਪੀਰਾਂ ਨੂੰ ਸੱਜਦਾ ਸਲਾਮ ਕਰਦੀ ਹੈ ਇਹ ਪੀਰ ਓਹਨਾ ਸੰਗਤਾਂ ਦੀ ਫਰਿਆਦ ਜਰੂਰ ਸੁਣਦਾ ਹੈ ਇਹਨਾਂ ਸੰਗਤਾਂ ਨੂੰ ਬੇਨਤੀ ਕੀਤੀ ਜਿਥੇ ਵੀ ਤੁਸੀਂ ਧਰਮਿਕ ਅਸਥਾਨ ਤੇ ਜਾਦੇ ਹੋ ਯਕੀਨ ਰੱਖ ਕੇ ਜਾਓ ਤੁਹਾਡੇ ਹਰ ਕਰਜ਼ ਸੰਪੂਰਨ ਹੋਣਗੇ, ਇਸ ਮੌਕੇ ਸਾਈ ਪ੍ਰੇਮ ਸ਼ਾਹ ਜੀ, ਸਾਈ ਜਸਵੀਰ ਸ਼ਾਹ ਜੀ ਖਾਨਖਾਨਾ, ਸਾਈ ਜਸਵੀਰ ਸ਼ਾਹ ਜੀ ਪਾਸਲਾ, ਸੀਮਾ ਰਾਣੀ ਸਰਪੰਚ,ਗੁਦਵਾਰ ਸਾਹਨੀ, ਸਾਈ ਰਾਜ ਕੁਮਾਰ ਬਿੱਟੂ, ਸਾਈ ਬਿਰਜ਼ ਲਾਲ, ਸਾਈ ਪਰਮਜੀਤ ਪੰਮਾ, ਜਗਜੀਤ ਸਿੰਘ ਰਾਮਾ, ਸਟੇਜ਼ ਸਕੱਤਰ ਬੱਗਾ ਸੇਲਕੀਆਣਾ, ਪੰਚ ਰਵੀ ਕੁਮਾਰ, ਸੋਢੀ ਰਾਮ, ਰਣਵੀਰ ਬੇਰਾਜ, ਵਿਸ਼ਾਲੀ ਰੱਤੂ ਆਦਿ ਹਾਜ਼ਰ ਸਨ।



## ਢੱਡਾ ਦੇ ਕਤਲ ਮਾਮਲੇ ਚ ਦੋ ਸ਼ੱਕੀ ਵਿਅਕਤੀ ਗ੍ਰਿਫਤਾਰ


**ਵੈਨਕੂਵਰ (ਮਲਕੀਤ ਸਿੰਘ)**- ਪਿਛਲੇ ਮਹੀਨੇ ਕਨੇਡਾ ਦੇ ਬਰੈਪਟਨ ਨੇੜਲੇ ਮਿਸੀ ਸਾਗਾ ਚ ਕਤਲ ਕੀਤੇ ਗਏ ਉੱਘੇ ਪੰਜਾਬੀ ਟਰਾਂਸਪੋਰਟਰ ਹਰਜੀਤ ਸਿੰਘ ਢੱਡਾ ਦੇ ਕਤਲ ਦੇ ਦੋਸ ਚ ਪੁਲਿਸ ਵੱਲੋਂ ਚਲਾਈ ਸਮੂਹਿਕ ਕਾਰਵਾਈ ਚ ਡੈਲਟਾ ਤੋਂ ਪੰਜਾਬੀ ਮੂਲ ਦੇ ਦੋ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਗ੍ਰਿਫਤਾਰ ਕੀਤੇ ਗਏ ਉਕਤ ਵਿਅਕਤੀਆਂ ਦੇ ਨਾਮ ਦਿਗਵਿਜੇ ਅਤੇ ਅਮਨ ਦੱਸੇ ਜਾ ਰਹੇ ਹਨ. ਗ੍ਰਿਫਤਾਰ ਕੀਤੇ ਉਕਤ ਸ਼ੱਕੀ ਵਿਅਕਤੀਆਂ ਨੂੰ ਸਰੀ ਦੀ ਇੱਕ ਮਾਣਯੋਗ ਅਦਾਲਤ ਚ ਪੇਸ ਕਰਨ ਮਗਰੋਂ ਉਨਟਾਰੀਓ ਲਿਜਾਏ ਜਾਣ ਦੀ ਸੂਚਨਾ ਹੈ। ਜਿਕਰਯੋਗ ਹੈ ਕਿ ਬੀਤੇ ਮਹੀਨੇ 14 ਮਈ ਨੂੰ 51 ਸਾਲਾਂ ਪੰਜਾਬੀ ਕਾਰੋਬਾਰੀ ਅਤੇ ਉੱਘੇ ਟਰਾਸਪੋਰਟਰ ਹਰਜੀਤ ਸਿੰਘ ਢੱਡਾ ਦਾ ਮਿਸੀ ਸਾਗਾ ਦੀ ਇੱਕ ਪਾਰਕਿੰਗ ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ.





## ਰਾਮਪੁਰਾ ਦੇ ਨੌਜਵਾਨ ਇੰਦਰਜੀਤ ਸਿੰਘ ਦਾ ਅੱਜ ਹੋਇਆ ਅੰਤਿਮ ਸਸਕਾਰ

**ਰਾਮਪੁਰਾ** - ਲੰਘੀ 30 ਤਰੀਕ ਨੂੰ ਰਾਮਪੁਰਾ ਵਾਸੀ ਨੌਜਵਾਨ ਇੰਦਰਜੀਤ ਸਿੰਘ ਪੁੱਤਰ ਹਰਪਾਲ ਸਿੰਘ ਦੀ ਕਾਰਡੀਅਕ ਅਰੈਸਟ ਕਰਕੇ ਦੁਬੱਈ ਵਿਖੇ ਮੌਤ ਹੋ ਗਈ ਸੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੇ ਯਤਨਾ ਸਦਕਾ ਇੰਦਰਜੀਤ ਸਿੰਘ ਦੀ ਮ੍ਰਿਤਕ ਦੇਹ ਕੱਲ੍ਹ ਅੰਮ੍ਰਿਤਸਰ ਏਅਰਪੋਰਟ ਤੇ ਪੁੱਜੀ। ਨੌਰਥ ਵੈਸਟ ਜੌਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਹੇਅਰ ਨੇ ਮ੍ਰਿਤਕ ਦੇਹ ਬਰਾਮਦ ਕਰਕੇ ਵਾਰਿਸਾਂ ਨੂੰ ਸੌਂਪੀ। ਜਿਸਦਾ ਅੱਜ ਰਾਮਪੁਰਾ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿਚ ਬਠਿੰਡਾ ਟੀਮ ਦੇ ਮੈਂਬਰ ਸਾਹਿਬਾਨ ਰਘੁਬੀਰ ਸ਼ਰਮਾ, ਪਰਮਜੀਤ ਸਿੰਘ ਢਿੱਲੋਂ, ਮਾਸਟਰ ਅਮਨਦੀਪ ਸਿੰਘ ਮਹਿਰਾਜ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਪਿੱਛਲੇ ਸ਼ੁਕਰਵਾਰ ਨੂੰ ਜਦੋਂ ਮਾਪਿਆਂ ਨੂੰ ਆਪਣੇ ਬੱਚੇ ਦੀ ਮੌਤ ਦੀ ਖਬਰ ਮਿਲੀ ਤਾਂ ਉਹਨਾਂ ਨੇ ਤੁਰੰਤ ਬਠਿੰਡਾ ਇਕਾਈ ਦੇ ਜਿਲ੍ਹਾ



ਪ੍ਰਧਾਨ ਪ੍ਰੋਫੈਸਰ ਜਸਵੰਤ ਸਿੰਘ ਬਰਾੜ ਨਾਲ ਸੰਪਰਕ ਬਣਾਇਆ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜੀਂਦੀਆਂ ਕਾਨੂੰਨੀ ਰਸਮਾਂ ਪੂਰੀਆਂ ਕਰਨ ਵਿਚ ਪਰਿਵਾਰ ਦੀ ਮਦਦ ਕੀਤੀ ਅਤੇ ਇੰਦਰਜੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਲਿਆਂਦਾ ਗਿਆ। 10 ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ ਮੌੜ ਮੰਡੀ ਵਿਖੇ ਪ੍ਰੋਫੈਸਰ ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਟਰੱਸਟ ਇਹੋ ਜਿਹੀਆਂ ਸਮੱਸਿਆਵਾਂ ਆਉਣ ਤੇ ਪੀੜ੍ਹਤ ਪਰਿਵਾਰਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। 22 ਜੂਨ ਦਿਨ ਐਤਵਾਰ ਨੂੰ ਬਠਿੰਡਾ ਜਿਲ੍ਹੇ ਦੇ ਪਿੰਡ ਬੱਲ੍ਹੋ ਅਤੇ 6 ਜੁਲਾਈ ਦਿਨ ਐਤਵਾਰ ਨੂੰ ਪਿੰਡ ਬਦਿਆਲਾ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਾਏ ਜਾਣਗੇ। ਜਿਸ ਵਿਚ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਮਰੀਜਾਂ ਦਾ ਫਰੀ ਚੈਕਅੱਪ ਕੀਤਾ ਜਾਵੇਗਾ ਅਤੇ ਟਰੱਸਟ ਵਲੋਂ ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ। ਪ੍ਰੋ. ਜਸਵੰਤ ਸਿੰਘ ਬਰਾੜ ਨੇ ਅਪੀਲ ਕੀਤੀ ਕਿ ਨਾਲ ਲਗਦੇ ਪਿੰਡ ਚਉਕੇ, ਪਿੱਥੋ, ਟੱਡੇ, ਖੋਖਰ ਅਤੇ ਮੰਡੀ ਕਲ੍ਹਾਂ ਦੇ ਲੋੜਵੰਦ ਮਰੀਜ ਇਸ ਕੈਂਪ ਦਾ ਲਾਹਾ ਲੈਣ।

## ਅਨੁਵਾਦਿਤ ਕਹਾਣੀ

# ਚਿਹਰਿਆਂ ਦੇ ਬਦਲਦੇ ਰੰਗ





ਲੇਖਕ: ਬਸੰਤਾ ਬਰਮਨ

ਪੰਜਾਬੀ ਅਨੁਵਾਦ: ਰਵਿੰਦਰ ਸਿੰਘ ਸੋਢੀ

ਜੇ ਮੈਂ 25 ਸਾਲ ਦਾ ਹੁੰਦਾ ਅਤੇ ਤੂੰ 18 ਦੀ; ਜੇ ਪਹਿਲੀ ਤੱਕਣੀ ਵਿਚ ਹੀ ਆਪਣਾ ਪਿਆਰ ਹੋ ਜਾਂਦਾ; ਜੇ ਚਿੱਠੀਆਂ ਤੋਂ ਇਲਾਵਾ ਸੁੱਖ ਸੁਨੇਹੇ ਪਹੁੰਚਾਉਣ ਦਾ ਹੋਰ ਕੋਈ ਸਾਧਨ ਨਾ ਹੁੰਦਾ; ਜੇ ਮੈਂ ਤੈਨੂੰ ਪਿਆਰ ਪੱਤਰ ਲਿਖਦਾ; ਉਹ ਪਿਆਰ ਪੱਤਰ ਕਿਸ ਤਰਾਂ ਦਾ ਹੁੰਦਾ? ਸ਼ਾਇਦ ਇਸ ਤਰਾਂ ਦਾ:

ਪਿਆਰੀ ਆਰ,

ਕੀ ਹਾਲ ਹੈ? ਇਸ ਵੇਲੇ ਕੀ ਕਰ ਰਹੀਂ ਹੈ ?

ਮੈਂ ਤੈਨੂੰ ਆਪਣੇ ਦਿਮਾਗ ਦੀਆਂ ਅੱਖਾਂ ਨਾਲ ਦੇਖ ਸਕਦਾ ਕਿ ਤੂੰ ਮੇਰੇ ਬਾਰੇ ਕੀ ਸੋਚ ਰਹੀਂ ਹੈਂ, ਜਿਵੇਂ ਮੈਂ ਹਰ ਰੋਜ ਤੇਰੇ ਬਾਰੇ। ਮੈਨੂੰ ਇਸ ਤਰਾਂ ਲੱਗ ਰਿਹਾ ਹੈ ਤੂੰ ਮੇਰੇ ਸਾਹਮਣੇ ਬੈਠੀ ਹੈਂ ਅਤੇ ਮੈਂ ਤੇਰੀ ਸੁੰਦਰਤਾ ਦਾ ਦੀਵਾਨਾ ਹਾਂ।

ਮੈਨੂੰ ਅਜੇ ਤੱਕ ਉਹ ਦਿਨ ਯਾਦ ਹੈ ਜਦ ਮੈਂ ਪਹਿਲੀ ਬਾਰ ਤੈਨੂੰ ਆਪਣੀ ਸਟਾਫ ਕੌਂਸਲ ਦੀ ਇਕੱਤਰਤਾ ਵੇਲੇ ਕਾਲਜ ਵਿਚ ਦੇਖਿਆ ਸੀ। ਤੂੰ ਆਪਣੇ ਕਾਲਜ ਦੇ ਦੂਜੇ ਹਿੱਸੇ ਵਿਚ ਸਰਸਵਤੀ ਪੂਜਾ ਸ਼ੁਰੂ ਕਰਨ ਬਾਰੇ ਗੱਲ ਕੀਤੀ ਸੀ। ਤੂੰ ਕਿਸੇ ਵਕੀਲ ਵਰਗੀ ਲੱਗ ਰਹੀ ਸੀ, ਜਿਵੇਂ ਅਦਾਲਤ ਵਿਚ ਕਿਸੇ ਮੁਕੱਦਮੇ ਦੀ ਪੈਰਵੀ ਕਰ ਰਹੀ ਹੋਵੇਂ। ਉਸੇ ਪਲ ਮੇਰੇ ਦਿਲ ਵਿਚ ਤੇਰੇ ਪਿਆਰ ਦੀ ਚਿਣਗ ਪੈਦਾ ਹੋ ਗਈ ਸੀ।

ਉਸ ਤੋਂ ਬਾਅਦ ਮੈਂ ਦੂਜੇ ਕੈਂਪਸ ਵਿਚ ਆ ਗਿਆ ਸੀ। ਕੀ ਤੈਨੂੰ ਯਾਦ ਹੈ ਕਿ ਤੇਰਾ ਹੱਥ ਮੇਰੀ ਪਿੱਠ ਤੇ ਲੱਗ ਗਿਆ ਸੀ ਅਤੇ ਤੂੰ ਇਸ ਲਈ ਮੁਆਫ਼ੀ ਮੰਗੀ ਸੀ, ਪਰ ਮੈਨੂੰ ਇਹ ਚੰਗਾ ਲੱਗਿਆ ਸੀ। ਤੈਨੂੰ ਪਤਾ ਹੈ, ਉਹ ਮੇਰੇ ਲਈ ਬਹੁਤ ਖਾਸ ਮੌਕਾ ਸੀ, ਪਰ ਕਿਉਂ ਜੋ ਮੈਂ ਕਾਲਜ ਦਾ ਸੁਪਡੈਂਟ ਸੀ, ਇਸ ਲਈ ਮੈਂ ਕੁਝ ਕਹਿ ਨਹੀਂ ਸੀ ਸਕਿਆ। ਮੈਂ ਆਪਣੇ ਰੁਤਬੇ ਦੀ ਮਰਿਆਦਾ ਕਾਇਮ ਰੱਖਣੀ ਸੀ। ਇਕ ਦਿਨ ਤੂੰ ਮੇਰੇ ਕਮਰੇ ਵਿਚ ਆ ਕੇ ਮੈਨੂੰ ਸੁਝਾਓ ਦਿੱਤਾ ਸੀ ਕਿ ਆਪਾਂ ਇਕ ਰਸਾਲੇ ਲਈ ਸਾਂਝੇ ਤੌਰ ਤੇ ਪਰਚਾ ਲਿਖੀਏ। ਮੈਨੂੰ ਤੇਰੀ ਗੱਲ ਸੁਣ ਕੇ ਬਹੁਤ ਖੁਸ਼ੀ ਹੋਈ ਸੀ। ਫੇਰ ਇਕ ਦਿਨ ਮੈਂ ਸੁਪਡੈਂਟ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਤੁਹਾਡੇ ਨਾਲ ਹੀ ਸਟਾਫ ਰੂਮ ਵਿਚ ਆ ਕੇ ਬੈਠਣ ਲੱਗ ਪਿਆ ਸੀ ਅਤੇ ਤੁਹਾਡੇ ਸਭ ਦੇ ਨੇੜੇ ਹੋ ਗਿਆ ਸੀ।

ਤੈਨੂੰ ਪਤੈ, ਜਦੋਂ ਮਰਸੀ ਸੁਪਡੈਂਟ ਬਣਿਆ ਤਾਂ ਆਪਣੇ ਪ੍ਰਿੰਸੀਪਲ ਦਾ ਵਿਚਾਰ ਸੀ ਕਿ ਮੈਂ ਮੁੱਖ ਕਾਲਜ ਵਿਚ ਆ ਜਾਵਾਂ। ਮੈਨੂੰ ਬਹੁਤ ਦੁੱਖ ਹੋਇਆ ਕਿ ਮੈਨੂੰ ਤੁਹਾਡੇ ਸਾਰਿਆਂ ਤੋਂ ਦੂਰ ਜਾਣਾ ਪਏਗਾ, ਖਾਸ ਕਰ ਤੇਰੇ ਕੋਲੋਂ। ਇਕ ਦਿਨ ਮੁੱਖ ਕਾਲਜ ਵਿਚ ਮੇਰੀ ਦੋ ਪੁਰਾਣੇ ਸਹਿ-ਕਰਮੀਆਂ ਨਾਲ ਲੜਾਈ ਹੋ ਗਈ ਅਤੇ ਪ੍ਰਿੰਸੀਪਲ ਨੇ ਮੈਨੂੰ ਇਥੇ ਹੀ ਰਹਿਣ ਲਈ ਕਿਹਾ। ਮੈਨੂੰ ਦਿਲੀ ਖੁਸ਼ੀ ਹੋਈ ਕੇ ਤੇਰੇ ਤੋਂ ਦੂਰ ਨਹੀਂ ਜਾਣਾ ਪਏਗਾ। ਫੇਰ ਰੱਬ ਦੀ ਮਿਹਰ ਸਦਕਾ ਮੈਂ ਦਿਨ- ਬ-ਦਿਨ ਤੇਰੇ ਹੋਰ ਨੇੜੇ ਹੁੰਦਾ ਰਿਹਾ ਅਤੇ ਹੁਣ ਤੂੰ ਮੇਰੀ ਸਭ ਤੋਂ ਨਜਦਿਕੀ ਦੋਸਤ ਹੈਂ। ਤੈਨੂੰ ਮੈਂ ਆਪਣੇ ਨਾਲ ਕੰਮ ਕਰਨ ਵਾਲੀ ਘੱਟ ਅਤੇ ਦੋਸਤ ਜਿਆਦਾ ਮੰਨਦਾ ਹਾਂ। ਸੱਚ ਪੁੱਛੇਂ ਤਾਂ ਆਪਣੇ ਕਾਲਜ ਦਿਨਾਂ ਤੋਂ ਬਾਅਦ ਮੈਨੂੰ ਤੇਰੇ ਵਰਗਾ ਮਿੱਤਰ ਮਿਲਿਆ ਹੀ ਨਹੀਂ। ਤੇਰੇ ਤੋਂ ਪਹਿਲਾਂ ਮੈਂ ਆਪਣੇ ਨਾਲ ਕੰਮ ਕਰਨ ਵਾਲਿਆਂ ਨਾਲ ਐਨੀ ਖੁਲ੍ਹ ਕੇ ਗੱਲ ਬਾਤ ਨਹੀਂ ਸੀ ਕਰਦਾ।

ਤੈਨੂੰ ਪਤੈ, ਮੈਨੂੰ ਜ਼ਿੰਦਗੀ ਪ੍ਰਤੀ ਤੇਰਾ ਖੁੱਲ੍ਹਾ ਸੁਭਾਅ ਵਧੀਆ ਲੱਗਦਾ ਹੈ। ਤੂੰ ਸਿੱਧੀ ਗੱਲ ਕਰਦੀ ਹੈ ਜੋ ਮੈਨੂੰ ਤੇਰੇ ਵੱਲ ਖਿੱਚਦਾ ਹੈ। ਵਿਸ਼ਵਾਸ ਕਰ, ਤੂੰ ਮੇਰੇ ਦਿਲ ਵਿਚ ਪੱਕੀ ਥਾਂ ਬਣਾ ਲਈ ਹੈ। ਪੜ੍ਹਾਈ ਪ੍ਰਤੀ ਤੇਰਾ ਜਨੂੰਨ ਬਹੁਤ ਚੰਗਾ ਲੱਗਦਾ ਹੈ। ਤੇਰੇ ਵਿਚ ਜੋ ਮੁਕਾਬਲਾ ਕਰਨ ਦੀ ਭਾਵਨਾ ਹੈ, ਉਹ ਮੈਨੂੰ ਚੰਗੀ ਲੱਗਦੀ ਹੈ। ਮੇਰਾ ਵਿਸ਼ਵਾਸ ਹੈ ਕਿ ਜੇ ਮੈਂ ਤੇਰੇ ਨਾਲ ਮਿਲ ਕੇ ਖੋਜ ਪੱਤਰ ਲਿਖਾਂ ਤਾ ਮੈਨੂੰ ਇਸ ਦਾ ਬਹੁਤ ਫਾਇਦਾ ਹੋਵੇਗਾ।

ਤੂੰ ਮੈਨੂੰ ਪੁੱਛਿਆ ਸੀ ਕਿ ਕੀ ਮੈਂ ਤੈਨੂੰ ਆਪਣੀ ਗਰਲ ਫਰੈਂਡ ਸਮਝਦਾ ਹਾਂ, ਮੈਨੂੰ ਇਹ ਸੋਚਣਾ ---,ਪਰ ਉਸ ਤੋਂ ਵੀ ਵੱਧ। ਮੈਂ ਤੈਨੂੰ ਆਪਣੀ ਸੀ. ਐਫ. ਕਹਿਣਾ ਜਿਆਦਾ ਚੰਗਾ ਲੱਗਦਾ ਹੈ, ਸਹਿਕਰਮੀ ਕਮ ਦੋਸਤ, ਜੇ ਗਰਲ ਫਰੈਂਡ ਨਹੀਂ। ਕੀ ਤੂੰ ਮੇਰੀ ਸੀ. ਐਫ. ਬਣੇਗੀ? ਮੈਂ ਚਾਹੁੰਦਾ ਹਾਂ ਕਿ ਤੂੰ ਮੇਰੀ ਦੋਸਤ ਹੋਵੇਂ, ਜਿ਼ੰਦਗੀ ਭਰ ਲਈ ਮੇਰੀ ਵਧੀਆ ਦੋਸਤ।

ਹਮੇਸ਼ਾ ਤੇਰਾ ਆਪਣਾ।

ਬੀ।

ਇਹ ਪਹਿਲਾ ਵਟਸ ਐਪ ਸੁਨੇਹਾ ਸੀ ਜੋ ਬਰੁਨ ਨੇ ਰੀਆ ਨੂੰ ਭੇਜਿਆ ਸੀ। ਉਹ ਦੋਵੇਂ ਕੋਲਕਾਤਾ ਦੇ ਇਕ ਕਾਲਜ ਵਿਚ ਇਕੱਠੇ ਹੀ ਪੜ੍ਹਾਉਂਦੇ ਸੀ। ਬਰੁਨ ਮਿੱਤਰਾ ਅਤੇ ਰੀਆ ਚੌਧਰੀ। ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਸਟਾਫ਼ ਰੂਮ ਵਿਚ ਇਕ ਦੂਜੇ ਦੇ ਬਹੁਤ ਨੇੜੇ ਹੋਣ। ਕਿਸੇ ਨੇ ਉਹਨਾਂ ਨੂੰ ਇਕ ਦੂਜੇ ਨਾਲ ਐਨੇ ਨੇੜੇ ਹੋ ਕੇ ਗੱਲਾਂ ਕਰਦੇ ਨਹੀਂ ਸੀ ਦੇਖਿਆ, ਨਾ ਸਟਾਫ਼ ਰੂਮ ਵਿਚ ਅਤੇ ਨਾ ਹੀ ਕਿਤੇ ਬਾਹਰ। ਸਿਰਫ ਬੱਚਿਆਂ ਦੀ ਪੜ੍ਹਾਈ ਜਾਂ ਉਹਨਾਂ ਨਾਲ ਸੰਬੰਧਿਤ ਆਮ ਜਿਹੀਆਂ ਗੱਲਾਂ ਹੀ ਹੁੰਦੀਆਂ। ਕਿਸੇ ਨੂੰ ਵੀ ਇਹ ਨਹੀਂ ਸੀ ਪਤਾ ਕਿ ਰੀਆ ਮੈਡਮ ਨੇ ਬਰੁਨ ਸਰ ਨੂੰ ਕੋਈ ਸਾਂਝਾ ਪਰਚਾ ਲਿਖਣ ਲਈ ਕਿਹਾ ਸੀ, ਜਿਸ ਨੇ ਬਰੁਨ ਸਰ ਦੇ ਜ਼ਿਹਨ 'ਤੇ ਇੱਕ ਅਮਿੱਟ ਨਿਸ਼ਾਨ ਛੱਡ ਗਿਆ । ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗਿਆ ਕਿ ਕਦੋਂ ਰੀਆ ਅਤੇ ਬਰੁਨ ਇਕ ਦੂਜੇ ਨਾਲ ਟਕਰਾਏ ਸੀ ਅਤੇ ਦੋਹਾਂ ਨੇ ਇਕ ਮੁਆਫ਼ੀ ਵੀ ਮੰਗੀ ਸੀ। ਉਹ ਭਾਵੇਂ ਆਮ ਜਿਹੀਆਂ ਗੱਲਾਂ ਸੀ, ਪਰ ਉਹ ਬਰੁਨ ਸਾਹਿਬ ਦੇ ਦਿਲ ਵਿਚ ਇਕ ਤੁਫਾਨ ਲਿਆਉਣ ਲਈ ਕਾਫੀ ਸੀ। ਜਿਵੇਂ ਹੀ ਇਸ ਸਾਲ 15 ਮਈ ਨੂੰ ਗਰਮੀਆਂ ਦੀਆਂ ਛੁੱਟੀਆਂ ਹੋਈਆਂ, ਤਾਂ ਰੀਆ ਦੇ ਮੋਬਾਇਲ ਤੋਂ ਬਰੁਨ ਸਾਹਿਬ ਨੂੰ ਇਕ ਸੁਨੇਹਾ ਆਇਆ, "ਸਰ, ਇਸ ਪੇਪਰ ਨੂੰ ਪੂਰਾ ਕਰਨਾ ਹੈ, ਮੈਂ ਤਾਂ ਆਪਣੇ ਵੱਲੋਂ ਪੂਰਾ ਕਰ ਦਿੱਤਾ ਹੈ। ਹੁਣ ਤੁਸੀਂ ਇਸ ਨੂੰ ਇਕ ਵਾਰ ਚੰਗੀ ਤਰਾਂ ਪੜ੍ਹ ਕੇ ਮੈਗਜੀਨ ਨੂੰ ਈ ਮੇਲ ਕਰਵਾ ਦਿਓ। ਪੇਪਰ 10 ਜੂਨ ਤੱਕ ਭੇਜਣਾ ਹੈ।" ਇਸ ਦੇ ਨਾਲ ਹੀ ਉਸ ਨੇ ਦੋ ਹੱਸਦੇ ਹੋਏ ਚਿਹਰਿਆਂ ਦੀ ਨਿਸ਼ਾਨ ()ਭੇਜੇ ਸੀ। ਬਰੁਨ ਨੇ ਉੱਤਰ ਦਿੱਤਾ, "ਕੋਈ ਸਮੱਸਿਆ ਨਹੀਂ ਮੈਡਮ, ਇਹ ਕੰਮ ਹੋ ਜਾਵੇਗਾ।" ਇਸਦੇ ਨਾਲ ਹੀ ਉਹਨਾਂ ਨੇ ਦੋ ਖੜੇ ਅੰਗੂਠੇ ਦੇ ਨਿਸ਼ਾਨ ਭੇਜ ਦਿੱਤੇ। ਹੌਲੀ-ਹੌਲੀ ਉਹ ਦੋਵੇਂ ਪਹਿਲਾਂ ਤਾਂ ਇਕ ਦੂਜੇ ਦੇ ਖਿਆਲਾਂ ਵਿਚ ਆਉਣ ਲੱਗੇ ਅਤੇ ਫੇਰ ਦਿਲ ਅੰਦਰ। ਇਹ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਇਕ ਦੂਜੇ ਨੂੰ ਦਿਲ ਦੇਣ ਦੀ ਸ਼ੁਰੂਆਤ ਕਿਸ ਵੱਲੋਂ ਹੋਈ ਸੀ, ਪਰ ਇਹ ਦੋਹਾਂ ਨੂੰ ਹੀ ਸਪਸ਼ਟ ਹੋ ਗਿਆ ਸੀ ਕਿ ਉਹ ਦੋਵੇਂ ਹੀ ਇਕ ਦੂਜੇ ਦੀ ਅੰਦਰੂਨੀ ਦੁਨੀਆਂ 'ਚ ਦਾਖਲ ਹੋ ਰਹੇ ਹਨ।

ਇਹ ਉਹਨਾਂ ਦੋਹਾਂ ਦਾ ਰੋਜਾਨਾ ਦਾ ਹੀ ਕੰਮ ਹੋ ਗਿਆ ਸੀ ਕਿ ਉਹ ਘੰਟਿਆਂ ਬਦੀ ਆਪਸ ਵਿਚ ਮੋਬਾਇਲ ਦੇ ਸੁਨੇਹਿਆਂ ਰਾਹੀਂ ਗੱਲਬਾਤ ਕਰਦੇ ਰਹਿੰਦੇ।?

"ਤੁਸੀਂ ਕੀ ਕਰ ਰਹੇ ਹੋ?"

"ਕੁਝ ਨਹੀਂ, ਬੱਸ ਮੰਮਾ ਨਾਲ ਗੱਲਾਂ ਹੋ ਰਹੀਆਂ ਹਨ।"

"ਹੂੰਕੀ ਮੋਮ ਅਜੇ ਤੱਕ ਤੇਰੇ ਕੋਲ ਹਨ?"

"ਹੂੰਹੁਣ ਮੈਂ ਆਪਣੇ ਕਮਰੇ ਵਿਚ ਜਾ ਰਹੀ ਹਾਂ। ਬਹੁਤ ਕੰਮ ਕਰਨ ਵਾਲੇ ਹਨ।"

"ਤੂੰ ਐਨੀ ਰੁਝੀ ਹੋਈ ਹੈਂ?" ਇਸਦੇ ਨਾਲ ਹੱਸਦੇ ਚਿਹਰੇ ਦੀਆਂ ਦੋ ਤਸਵੀਰਾਂ।

"ਹੂੰ, ਮੰਮਾ ਲਈ ਚਾਹ ਬਣਾ ਰਹੀ ਹਾਂ।"

ਦੋ ਮਿੰਟ ਦਾ ਵਕਫਾ।

"ਠੀਕ ਹੈ, ਬਣਾਓ ਚਾਹ। ਜਦੋਂ ਵਿਹਲੇ ਹੋ ਗਏ, ਮੋਬਾਇਲ 'ਤੇ ਆ ਜਾਣਾ।" (ਫੁੱਲਾਂ ਦੀਆਂ ਅਤੇ ਹੱਸਦੇ ਚਿਹਰੇ ਦੀਆਂ ਤਸਵੀਰਾਂ)

ਕਈ ਵਾਰ ਉਹਨਾਂ ਦੇ ਸੁਨੇਹੇ ਨਿਰੋਲ ਵਿਦਿਅਕ ਮਾਮਲਿਆਂ ਸੰਬੰਧੀ ਹੀ ਹੁੰਦੇ।

"ਜਦੋਂ ਇਹ ਪੇਪਰ ਛਪ ਗਿਆ, ਉਸ ਤੋਂ ਬਾਅਦ ਆਪਾਂ ਕੁਝ ਹੋਰ ਪੇਪਰ ਵੀ ਮਿਲ ਕੇ ਲਿਖਾਂਗੇ। ਅਸਲ ਵਿਚ ਮੇਰੇ ਕੋਲ ਕਈ ਅਣ ਛਪੇ ਪੇਪਰ ਲਿਖੇ ਹੋਏ ਹਨ। ਉਹਨਾਂ ਕੁਝ ਸੋਧਣ ਵਾਲੇ ਹਨ।"

"ਇਹ ਤਾਂ ਬਹੁਤ ਵਧੀਆ ਹੈ।" (ਅੰਗੂਠੇ ਦੀ ਤਸਵੀਰ)

"ਰਾਤ ਦਾ ਖਾਣਾ ਖਾ ਲਿਆ?"

"ਹੁਣ ਜਾ ਹੀ ਰਹੀ ਹਾਂ, ਮੰਮਾ ਬੁਲਾ ਰਹੇ ਹਨ। ਦਸ ਮਿੰਟ ਦੀ ਛੁੱਟੀ, ਓ ਕੇ?"

"ਓ ਕੇ ਡੀਅਰ, ਬਾਏ।" ( ਅੰਗੂਠੇ ਅਤੇ ਫੁੱਲਾਂ ਦੀਆਂ ਤਸਵੀਰਾਂ)

ਫੇਰ ਤੀਹ ਮਿੰਟ ਬਾਅਦ ਦੋਵੇਂ ਹੀ ਪਾਤ ਦਾ ਖਾਣਾ ਖਾ ਕੇ, ਮੋਬਾਇਲ ਨਾਲ ਚਿਪਕ ਕੇ ਸੁਨੇਹੇ ਲਿਖਣ ਵਿਚ ਰੁੱਝ ਜਾਂਦੇ।

"ਹਾਂ, ਆ ਗਏ?"

ਪਰ ਦੂਜੇ ਪਾਸੇ ਤੋਂ ਕੋਈ ਜੁਆਬ ਨਹੀਂ।

"ਹੈਲੋ ਰੀਆ, ਖਾਣਾ ਖਾ ਲਿਆ?"

ਅਜੇ ਵੀ ਕੋਈ ਜੁਆਬ ਨਹੀਂ।

ਪੰਜ ਮਿੰਟ ਬਾਅਦ ਬਰੁਨ ਗੁੱਸੇ ਵਾਲੇ ਚਿਹਰਿਆਂ ਦੀਆਂ ਤਸਵੀਰਾਂ ਭੇਜਦਾ ਹੈ ਅਤੇ ਸੁਨੇਹਾ ਵੀ, "ਮੈਂ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਹਾਂ? ਕਿਰਪਾ ਕਰਕੇ ਜੁਆਬ ਦਿਓ।"

ਤਿੰਨ ਮਿੰਟ ਬਾਅਦ ਰੀਆ ਦਾ ਚਿਹਰਾ ਮੋਬਾਇਲ ਦੀ ਸਕਰੀਨ 'ਤੇ ਦਿੱਖਦਾ ਹੈ ਅਤੇ ਇਕ ਹੱਸਦੇ ਚਿਹਰੇ ਦੀ ਤਸਵੀਰ ਭੇਜਦੀ ਹੈ।

"ਹਾਂ ਜੀ, ਮੈਂ ਹਾਜਰ ਹਾਂ।"

"ਉਹ, ਮੈਂ ਕਦੋਂ ਦਾ ਇੰਤਜਾਰ ਕਰ ਰਿਹਾ ਸੀ।" ਬਰੁਨ ਨੇ ਸ਼ਿਕਾਇਤ ਕੀਤੀ।

"ਸੱਚੀ? ਮੈਂ ਪਾਣ ਖਾ ਰਹੀ ਸੀ।"

"ਕੀ ਤੁਸੀਂ ਹਰ ਰੋਜ ਪਾਣ ਖਾਂਦੇ ਹੋ?" ਬਰੁਨ ਨੇ ਪੁੱਛਿਆ।

"ਹਾਂ, ਜਰਦੇ ਨਾਲ।" ਰੀਆ ਨੇ ਉੱਤਰ ਦਿੱਤਾ। "ਤੁਹਾਨੂੰ ਪਤਾ ਹੈ, ਇਹ ਮੇਰੀ ਆਦਤ ਹੈ।"

"ਉਹ, ਆਂਟੀ ਵੀ ਪਾਣ ਖਾਂਦੇ ਨੇ?"

"ਬਿਲਕੁਲਦੋਵੇਂ ਮਾਵਾਂ-ਧੀਆਂ ਦੁਪਹਿਰ ਅਤੇ ਰਾਤ ਦੇ ਖਾਣੇ ਤੋਂ ਬਾਅਦ ਪਾਣ ਖਾਂਦੀਆਂ ਹਾਂ। ਸਾਨੂੰ ਪਾਣ ਦੇ ਪੱਤੇ, ਜਰਦਾ ਅਤੇ ਪਾਣ ਸੁਪਾਰੀ ਲਈ ਆਏ ਮਹੀਨੇ ਬਹੁਤ ਖਰਚ ਕਰਨਾ ਪੈਂਦਾ ਹੈ।"

"ਸੌਣ ਤੋਂ ਪਹਿਲਾਂ ਮੂੰਹ ਸਾਫ ਜਰੂਰ ਕਰ ਲੈਣਾ, ਨਹੀਂ ਬੜਾ ਨੁਕਸਾਨ ਹੁੰਦਾ ਹੈ?"---ਬਰੁਨ ਮੇ ਆਪਣਾ ਫਿਕਰ ਜਾਹਿਰ ਕੀਤਾ।

"ਉਹ ਤਾਂ ਮੈਂ ਰੋਜ ਕਰਦੀ ਹਾਂ। ਸੌਣ ਤੋਂ ਪਹਿਲਾਂ ਚਿਹਰਾ ਧੋਣਾ ਅਤੇ ਮੂੰਹ ਸਾਫ ਕਰਨਾ।"

"ਓ ਕੇ, ਗੁੱਡ ਨਾਈਟ।"

"ਗੁੱਡ ਨਾਈਟ, ਕੱਲ ਫੇਰ ਚੈਟਿੰਗ ਕਰਾਂਗੇ।"

ਇਹ ਗਰਮੀਆਂ ਦੀਆਂ ਛੁੱਟੀਆਂ ਦੇ ਇਕ ਦਿਨ ਦੀ ਗੱਲਬਾਤ ਸੀ। ਇਸ ਤਰਾਂ ਹੀ ਉਹਨਾਂ ਦਾ ਇਹ ਸਿਲਸਿਲਾ ਜਾਰੀ ਰਿਹਾ। ਇਹ ਉਹਨਾਂ ਦਾ ਜਨੂੰਨ ਹੀ ਸੀ ਅਤੇ ਜਿਵੇਂ ਜਿ਼ੰਦਗੀ ਦੀ ਮਿਠਾਸ ਹੋਵੇ। ਚੈਟਿੰਗ ਤੋਂ ਬਿਨਾਂ ਉਹ ਬਹੁਤੀ ਦੇਰ ਰਹਿ ਹੀ ਨਹੀਂ ਸੀ ਸਕਦੇ। ਇਹ ਉਹਨਾਂ ਦੀ ਆਦਤ ਹੀ ਬਣ ਗਈ ਸੀ। ਜੇ ਅਜਿਹੇ ਸੁਨੇਹਿਆਂ ਵਿਚ ਅੱਧੇ ਘੰਟੇ ਜਾਂ ਵੱਧ ਤੋਂ ਵੱਧ ਇਕ ਘੰਟੇ ਦਾ ਵਕਫ਼ਾ ਪੈ ਜਾਂਦਾ ਤਾਂ ਦੋਹਾਂ ਨੂੰ ਬੇਚੈਨੀ ਹੋ ਜਾਂਦੀ?।

"ਕੀ ਤੂੰ ਕਿਸੇ ਕੰਮ ਵਿਚ ਰੁਝੀ ਹੋਈ ਹੈਂ ਰਿਆ?" ----ਦੂਜੇ ਪਾਸੇ ਤੋਂ ਕੋਈ ਜੁਆਬ ਨਹੀਂ।

ਬਰੁਨ ਐਨਾ ਉਤਾਵਲਾ ਹੋ ਗਿਆ ਕਿ ਉਹ ਫੋਨ ਹੀ ਕਰਨ ਲੱਗਿਆ ਸੀ ਕਿ ਸੁਨੇਹਾ ਆ ਗਿਆ।

"ਹਾਂ ਜੀ, ਆ ਗਈ---ਮੰਮਾ ਨਾਲ ਕੁਝ ਛੋਟੇ-ਮੋਟੇ ਕੰਮ ਕਰ ਰਹੀ ਲੀਹੁਣ ਵਿਹਲੀ ਹਾਂ।"

"ਉਹ, ਮੈਂ ਕਦੋਂ ਤੋਂ ਤੁਹਾਡਾ ਇੰਤਜਾਰ ਕਰ ਰਿਹਾ ਸੀ।"

"ਸੱਚ? ਕੀ ਮੈਨੂੰ ਐਨਾ ਯਾਦ ਕਰ ਰਹੇ ਸੀ?"

"ਕੀ ਤੁਹਾਨੂੰ ਨਹੀਂ ਲੱਗਦਾ?"

ਰੀਆ ਨੇ ਇਕ ਦਿਲ ਦੀ ਇਕ ਤਸਵੀਰ ਭੇਜੀ। ਬਰੁਨ ਲਈ ਇਹ ਕਾਫੀ ਸੀ। ਉਸ ਸਮਝ ਗਿਆ ਕਿ ਰੀਆ ਉਸ ਲਈ ਕੀ ਮਹਿਸੂਸ ਕਰਦੀ ਹੈ।

ਇਸ ਤਰਾਂ ਦੇ ਸੁਨੇਹਿਆਂ ਨਾਲ ਗਰਮੀ ਦੇ ਦਿਨ ਲੰਘੀ ਜਾ ਰਹੇ ਸੀ। 35 ਦਿਨਾਂ ਵਿਚ ਹੀ ਦੋ ਸਹਿਕਰਮੀਆਂ ਨੂੰ ਇਕ ਦੂਜੇ ਪ੍ਰਤੀ ਲਗਾਉ ਪੈਦਾ ਹੋ ਗਿਆ ਸੀ। ਕਾਲਜ ਖੁੱਲ੍ਹ ਜਾਣ ਤੋਂ ਬਾਅਦ, ਫੇਰ ਉਹਨਾਂ ਨੇ ਕਾਲਜ 'ਚ ਰੋਜਾਨਾ ਹੀ ਮਿਲਣਾ ਸੀ, ਪਰ ਫੇਰ ਕੀ ਹੋਵੇਗਾ? ਕੀ ਭਵਿੱਖ ਵਿਚ ਉਹਨਾਂ ਦੇ ਅਜਿਹੇ ਵਟਸ ਐਪ ਸੁਨੇਹੇ ਜਾਰੀ ਰਹਿਣਗੇ?

ਕਾਲਜ ਖੁੱਲ੍ਹਣ ਤੇ ਉਹ ਬਹੁਤ ਦੇਰ ਬਾਅਦ ਇਕ ਦੂਜੇ ਨੂੰ ਮਿਲੇ। ਵਿਦਿਆਰਥੀ ਘੱਟ ਹੀ ਆਏ ਸੀ, ਇਸ ਲਈ ਕਲਾਸਾਂ ਨਾ ਲੱਗੀਆਂ। ਪ੍ਰੋਫੈਸਰ ਸਾਰਾ ਦਿਨ ਗੱਪਾਂ ਮਾਰਦੇ ਰਹੇ ਜਾਂ ਹਾਸੀ ਮਜਾਕ। ਕਈਆਂ ਨੇ ਫੁਟਕਲ ਜਿਹੇ ਕੰਮ ਕਰ ਲਏ। ਬਰੁਨ ਅਤੇ ਰੀਆ ਨੇ ਵੀ ਬਾਕੀਆਂ ਵਾਂਗ ਦੂਜਿਆਂ ਦੀ ਤਰਾਂ ਆਮ ਜਿਹੀਆਂ ਗੱਲਾਂ ਹੀ ਕੀਤੀਆਂ, ਪਰ ਉਹਨਾਂ ਦੇ ਚਿਹਰਿਆਂ 'ਤੇ ਖਾਸ ਤਰਾਂ ਦੀ ਮੁਸਕਰਾਹਟ ਸੀ, ਜਿਹੜੀ ਉਹੀ ਸਮਝ ਸਕਦੇ ਸੀ। ਦੋਹਾਂ ਦੀਆਂ ਨਜਰਾਂ ਮਿਲੀਆਂ, ਪਰ ਖਾਸ ਅੰਦਾਜ਼ ਵਿਚ। 11.30 ਛੁੱਟੀ ਹੋ ਗਈ ਅਤੇ ਸਾਰੇ ਘਰ ਚਲੇ ਗਏ।

ਇਕ ਦੂਜੇ ਪ੍ਰਤੀ ਦੋਹਾਂ ਦੀ ਖਿੱਚ ਦਿਨੋਂ-ਦਿਨ ਵੱਧਦੀ ਜਾ ਰਹੀ ਸੀ ਅਤੇ ਉਹਨਾਂ ਦਾ ਪਿਆਰ ਹਕੀਕਤ ਵਿਚ ਬਦਲ ਰਿਹਾ ਸੀ। 50 ਸਾਲ ਦਾ ਬਰੁਨ ਅਤੇ 32 ਸਾਲ ਦੀ ਰੀਆ। ਬਰੁਨ ਦਾ ਆਪਣਾ ਟੱਬਰ ਸੀ। 70 ਸਾਲ ਦੀ ਮਾਂ, 42 ਸਾਲ ਦੀ ਪਤਨੀ ਅਜੰਤਾ ਅਤੇ 10 ਸਾਲ ਦੀ ਬੇਟੀ ਰੋਜੀ। ਸਾਰੇ ਹੀ ਖੁਸ਼ ਸੀ, ਪਿਉ-ਧੀ, ਮਾਂ-ਪੁੱਤ, ਪਤੀ-ਪਤਨੀ। ਬਰੁਨ ਦੁਗਣਾ ਖੁਸ਼ ਸੀ, ਆਪਣੇ ਪਰਿਵਾਰ ਨਾਲ ਅਤੇ ਆਪਣੀ ਸੀ. ਐਫ. ਰੀਆ ਅਤੇ ਉਸਦੇ ਰੁਮਾਂਟਿਕ ਵਟਸ ਐਪ ਸੁਨੇਹਿਆਂ ਨਾਲ।

ਇਕ ਦਿਨ ਬਰੁਨ ਦਾ ਮੋਬਾਇਲ ਚਲ ਹੀ ਰਿਹਾ ਸੀ ਕਿ ਉਸ ਨੂੰ ਗ਼ੁਸਲਖ਼ਾਨੇ ਜਾਣਾ ਪਿਆ। ਉਸਦੇ ਮੋਬਾਇਲ ਤੇ ਲਗਾਤਾਰ ਸੁਨੇਹੇ ਆ ਰਹੇ ਸੀ। ਅਚਾਨਕ ਹੀ ਰੋਜੀ ਨੇ ਆਪਣੇ ਪਿਤਾ ਦੇ ਮੋਬਾਇਲ ਤੇ ਆ ਰਹੇ ਮੈਸੇਜ ਦੇਖ ਲਏ। ਉਸ ਨੇ ਰੋਜੀ ਦੀ ਇਕ ਅੱਖ ਮੀਚ ਕੇ ਹੱਸਦੀ ਹੋਈ ਦੀ ਫ਼ੋਟੋ ਦੇਖ ਲਈ। ਰੋਜੀ ਨੇ ਆਪਣੀ ਮੰਮੀ ਨੂੰ ਬੁਲਾ ਕੇ ਪੁੱਛਿਆ ਕਿ ਇਹ ਕੌਣ ਹੈ। ਰੀਆ ਦਾ ਨਾਂ ਕਿਉਂਕਿ ਮੋਬਾਇਲ ਵਿਚ ਸੀ, ਇਸ ਲਈ ਪਤਾ ਲੱਗ ਗਿਆ ਕਿ ਉਸਦੇ ਪਿਤਾ ਜੀ ਦੇ ਕਾਲਜ ਵਿਚ ਹੀ ਪ੍ਰੋਫੈਸਰ ਹੈ। ਮਾਵਾਂ-ਧੀਆਂ ਨੇ ਜਲਦੀ-ਜਲਦੀ ਸਾਰੇ ਸੁਨੇਹੇ ਪੜ੍ਹ ਲਏ। ਰੋਜੀ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ ਅਤੇ ਅਜੰਤਾ ਦਾ ਗੁੱਸੇ ਨਾਲ। ਬਰੁਨ ਜਦੋਂ ਗ਼ੁਸਲਖ਼ਾਨੇ ਤੋਂ ਬਾਹਰ ਆਇਆ ਤਾਂ ਆਪਣਾ ਮੋਬਾਇਲ ਉਹਨਾਂ ਕੋਲ ਦੇਖ ਕੇ ਉਸਦਾ ਚਿਹਰਾ ਪੂਣੀ ਵਰਗਾ ਚਿੱਟਾ ਹੋ ਗਿਆ। ਉਹ ਮੋਬਾਇਲ ਵੱਲ ਦੇਖ ਰਿਹਾ ਸੀ। ਮਾਂ-ਧੀ ਨੇ ਉਸ ਵੱਲ ਦੇਖਿਆ। ਬਰੁਨ ਨੂੰ ਲੱਗਿਆ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਗਏ ਹਨ। ਪਹਿਲੀ ਵਾਰ ਉਹਨਾਂ ਨੂੰ ਉਸ 'ਤੇ ਸ਼ਕ ਹੋਇਆ ਸੀ। ਪਹਿਲੀ ਵਾਰ ਅਜੰਤਾ ਦੇ ਚਿਹਰੇ 'ਤੇ ਬਰੁਨ ਅਤੇ ਰੀਆ ਪ੍ਰਤੀ ਨਫਰਤ ਪੈਦਾ ਹੋਈ। ਪਹਿਲੀ ਵਾਰ, ਪਰਿਵਾਰ ਦੀ ਸ਼ਾਂਤੀ ਖ਼ਤਮ ਹੋਈ ਸੀ ਅਤੇ ਘਰ ਦਾ ਹਰ ਜੀਅ ਉਦਾਸੀ ਦੇ ਆਲਮ ਵਿਚ ਸੀ।

# ਸਿਰਲੇਖ ....

## ਮਨ ਨੂੰ ਜਿੱਤੋ, ਮਾਰੋ ਨਾ...

ਚੋਰੀ ਕਰਨਾ ਗਲਤ ਹੈ। ਰਿਸਵਤ ਲੈਣਾ ਸਹੀ ਨਹੀਂ ਹੈਂ ਬੇਇਮਾਨੀ ਕਰਨਾ ਅਪਰਾਧ ਹੈ ।ਕਿਸੇ ਦਾ ਕਤਲ ਕਰਨਾ ਪਾਪ ਹੈ । ਪ੍ਰੰਤੂ ਮਨੁੱਖ ਵਿਚ ਇਹ ਸਾਰੀਆਂ ਹੀ ਪਰਿਵਰਤੀਆਂ ਮੌਜੂਦ ਹਨ ।ਚੋਰੀ ਸਬਦ ਭੈੜਾ ਹੈ। ਜਿਸ ਦੇ ਨਾਂ ਨਾਲ ਇਕ ਵਾਰ ਜੁੜ ਜਾਵੇ ਉਸਦੇ ਨਾਲ ਹੀ ਨਿਭਦਾ ਹੈ। ਜਿਸ ਵਿਅਕਤੀ ਨੂੰ ਚੋਰੀ ਕਰਨ ਦੀ ਆਦਤ ਪੈ ਜਾਵੇ, ਉਹ ਜਲਦੀ ਛੁਟਦੀ ਨਹੀਂ। ਇਕ ਚੋਰੀ ਤੋਂ ਬਾਅਦ ਉਹ ਦੂਸਰੀ ਤੀਸਰੀ ਚੋਰੀ ਕਰਨ ਚਲਾ ਜਾਂਦਾ ਹੈ ।ਜੇਕਰ ਮੰਨ ਵੀ ਲਿਆ ਜਾਵੇ ਕਿ ਉਹ ਪੁਲਿਸ ਦੀ ਕੁੱਟਮਾਰ ਜੇਲ੍ਹ ਜਾਣ ਦੇ ਡਰ ਦਾ ਮਾਰਾ ਚੋਰੀ ਛੱਡ ਵੀ ਦੇਵੇ ਉਸ ਨੂੰ ਹੇਰਾਫੇਰੀ ਤੋਂ ਨਹੀਂ ਰੋਕਿਆ ਜਾ ਸਕਦਾ ।ਜਿਵੇਂ ਸਿਆਣਿਆਂ ਦੀ ਕਹਾਵਤ ਹੈ ...ਚੋਰ ਚੋਰੀ ਤੋਂ ਜਾਵੇ ,ਪਰ ਹੇਰਾ ਫੇਰੀ ਤੋਂ ਨਾ ਜਾਵੇ ।ਕਿਸੇ ਨਾਲ ਬੇਈਮਾਨੀ ਕਰਨਾ ਵੀ ਗੁਨਾਹ ਹੈ ,ਪਰ ਵੇਖਿਆ ਗਿਆ ਹੈ ਕਿ ਦੁਸਮਣ ਤਾਂ ਕਿ ਕਈ ਲੋਕ ਆਪਣੇ ਦੋਸਤਾਂ ਮਿੱਤਰਾਂ ਨਾਲ ਵੀ ਬੇਈਮਾਨੀ ਕਰਨ ਤੋਂ ਨਹੀਂ ਟਲਦੇ ।ਸਕੂਲ, ਕਾਲਜ, ਦਫਤਰ ਜਾਂ ਕਿਸੇ ਦੇ ਵਪਾਰ ਵਿਚ ਉਹ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਆਪਣੇ ਕਿਸੇ ਸਾਥੀ ਨਾਲ ਬੇਈਮਾਨੀ ਕਰ ਸਕਦੇ ਹਨ ।ਜਿੱਥੋਂ ਤੱਕ ਸਰਕਾਰੀ ਕੰਮਾਂ ਬਦਲੇ ਰਿਸਵਤ ਦਾ ਸੁਆਲ ਹੈ ।ਇਸ ਨੂੰ ਵੀ ਕਈ ਲੋਕ ਆਪਣਾ ਹੱਕ ਸਮਝਨ ਲਗਦੇ ਹਨ । ਸਰਕਾਰੀ ਕਰਮਚਾਰੀ ਜਨਤਾ ਦੇ ਸੇਵਕ ਹੁੰਦੇ ਹਨ । ਅੱਜ ਕੱਲ ਦੋ ਚਾਰ ਰੁਪਇਆ ਬਦਲੇ ਕਿਸੇ ਦਾ ਕਤਲ ਵੀ ਕਰ ਦਿੰਦੇ ਹਨ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਮਨੁੱਖੀ ਜੀਵਨ ਕਿੰਨਾ ਕੀਮਤੀ ਤੇ ਅਨਮੋਲ ਹੈ। ਪ੍ਰੰਤੂ ਮਨੁੱਖਤਾ ਦੇ ਦੁਸਮਣ ਮਨੁੱਖ ਨੂੰ ਭੰਗ ਦੇ ਭਾੜੇ ਖਤਮ ਕਰ ਦਿੰਦੇ ਹਨ ।ਇਸ ਬਾਰੇ ਸੋਚ ਕੇ ਮਨ ਕੰਬ ਉਠਦਾ ਹੈ । ਮਨੁੱਖ ਦਾ ਮਨ ਚੰਚਲ ਹੁੰਦਾ ਹੈ ,ਉਹ ਗਿਰਗਟ ਵਾਂਗ ਰੰਗ ਬਦਲਦਾ ਹੈ ।ਇਸ ਲਈ ਸਾਡੇ ਗੁਰੂ ਤੇ ਸੰਤ-ਮਹਾਤਮਾ ਮਨ ਦੀ ਇਕਾਗਰਤਾ ਤੇ ਸਥਿਰਤਾ ਤੇ ਜੋਰ ਦਿੰਦੇ ਆਏ ਹਨ। ਮਨ ਨੂੰ ਮਾਰਨਾ ਕਿੰਨਾ ਲਾਜਮੀ ਹੋ ਜਾਂਦਾ ਹੈ। ਕਿਉਂਕਿ ਮਨ ਜਿੱਤਣ ਲਈ ਦੁਨੀਆ ਦੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ । ਪ੍ਰੰਤੂ ਮਨੁੱਖ ਨੇ ਆਪਣੇ ਮਨ ਨੂੰ ਬੇਰੋਕ.ਟੋਕ ਖੁੱਲ੍ਹਾ ਛੱਡਿਆ ਹੋਇਆ ਹੈ ,ਉਹ ਜਦੋਂ ਚਾਹੇਂ ਚੋਰੀ ਕਰ ਲਏ, ਬੇਈਮਾਨੀ ਕਰ ਲਵੇ, ਕਤਲ ਕਰ ਦੇਵੇ। ਜਦੋਂ ਮਨੁੱਖ ਇਨ੍ਹਾਂ ਰਾਹਾਂ ਤੇ ਤੁਰ ਪਏ ਤਾਂ ਉਸਦਾ ਪਿੱਛੇ ਪਰਤਣਾ ਮੁਸਕਲ ਹੋ ਜਾਂਦਾ ਹੈ ।ਇਸ ਹਕੀਕਤ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ,ਤੇ ਜਦੋਂ ਕੋਈ ਆਦਮੀ ਪਹਿਲੀ ਵਾਰ ਗੁਨਾਹ ਕਰਦਾ ਹੈ ਤਾਂ ਉਹ ਅੰਦਰੋਂ ਅੰਦਰੀਂ ਡਰਦਾ ਹੈ। ਦੂਸਰੀ ਵਾਰ ਉਹ ਫੇਰ ਕਰਦਾ ਹੈ, ਇਸ ਤੋਂ ਬਾਅਦ ਉਹ ਉਹ ਗਲਤ ਰਸਤਿਆਂ ਤੇ ਤੁਰਨ ਦਾ ਆਦੀ ਹੋ ਜਾਂਦਾ ਹੈ । ਪ੍ਰੰਤੂ ਏਸ ਤੋ ਵੀ.ਮੂੰਹ ਨਹੀਂ ਮੋੜਿਆ ਜਾ ਸਕਦਾ ਤੇ ਇਕ ਵਾਰ ਆਦਮੀ ਬਹਾਦਰ ਬਣ ਬੈਠਦਾ ਹੈ ਚੂਹਾ ਬਣ ਕੇ ਖੁੱਡਾ ਭਾਲਦਾ ਹੈ ਭਾਵ ਮਨ ਦੀ ਅਵਸਥਾ ਹਮੇਸਾ ਇਕੋ ਜਿਹੀ ਨਹੀਂ ਰਹਿੰਦੀ ,ਤੇ ਸਥਿਤੀ ਨਾਲ ਇਹਦੀ ਤਬਦੀਲੀ ਆਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ ।ਪਰੰਤੂ ਇਨਕਾਰੀ ਹੋਣਾ ਸੰਭਵ ਨਹੀਂ ਹੈ ਕੇ ਜੈਸਾ.ਵੀ ਸਖਸ ਨੇ ਕੋਈ ਗੁਨਾਹ ਕੀਤਾ ਹੋਵੇ, ਉਹ ਕਦੇ ਵੀ ਸਥਿਰ.ਸਥਿਤੀ ਵਿੱਚ ਨਹੀਂ ਰਾਏ ਸਕਦਾ। ਉਸ ਨੂੰ ਆਉਂਦੇ-ਜਾਂਦੇ ਲੋਕ ,ਹਵਾਵਾਂ ਦਾ ਸੋਰ ,ਪੱਤਿਆਂ ਦੀ ਖੜ.ਖੜ ਤੇ ਜ਼ਰਾ.ਜਿੰਨਾਂ ਵੀ ਖੜਾਕ.ਚੇਤੰਨ ਕਰਕੇ ਉਸਦੇ ਅੰਦਰਲੇ ਮਨ ਨੂੰ ਭੈਅ-ਭੀਤ ਕਰ ਦਿੰਦਾ ਹੈ। ਉਹ ਕੀਤੇ ਗੁਨਾਹਾਂ ਦੇ ਮੱਦੇਨਜਰ ਵਾਰ-ਵਾਰ ਪਛਤਾਉਂਦਾ ਹੈ ।ਕਾਸ ਉਸ ਨੇ ਮਾੜਾ ਨਾ ਕੀਤਾ ਹੁੰਦਾ। ਮਾੜੇ ਜਾਂ ਬੁਰੇ ਕੰਮਾਂ ਦਾ ਪਰਛਾਵਾਂ ਮਨੁੱਖੀ ਮਨ.ਤੇ ਅਪਰਾਧੀ ਭਾਵਨਾ ਜਗਾਈ ਰੱਖਦਾ ਹੈ । ਓਹਦੇ ਮਨ ਵਿਚ ਤਰਾਂ ਤਰਾਂ ਦੇ ਖੌਫਨਾਕ ਵਿਚਾਰ ਆਉਂਦੇ ਰਹਿੰਦੇ ਹਨ। ਏਸ ਲਈ ਜ਼ਿਦਗੀ ਵਿਚ ਉਹ ਕੰਮ ਕਦੇ ਨਾ ਕਰੋ, ਜਿਸਦੇ ਲਈ ਸਾਰੀ ਉਮਰ ਪਛਤਾਵਾ ਹੀ ਰਹੇ। ਸੋ ਦੋਸਤੋ ਜਿੱਤ ਪ੍ਰਾਪਤ ਕਰਨ ਲਈ ਮਨ ਨੂੰ ਜਿੱਤੋ ਮਾਰੋ ਨਾ।

**ਸੁਭਚਿੰਤਕ**

**ਡਾਕਟਰ ਨਰਿੰਦਰ ਭੱਪਰ.ਝਬੇਲਵਾਲੀ।**

**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**

**ਜਿਲ੍ਹਾ ਸ੍ਰੀ ਮੁਕਤਸਰ ਸਾਹਿਬ। 6284145349**

# ਹੱਦ ਹੋ ਗਈ... ਇੱਕ ਪਾਸੇ ਨਸ਼ੇ ਸਬੰਧੀ ਸੌਹਾਂ ਚੁੱਕੀਆਂ ਜਾ ਰਹੀਆਂ ਹਨ

## ਦੂਜੇ ਪਾਸੇ ਨਸ਼ਾ ਵਿਕ ਵੀ ਰਿਹਾ ਹੈ... ਤੀਜੇ ਪਾਸੇ ਨਸ਼ੇ ਨਾਲ ਮਰ ਵੀ ਰਹੇ ਹਨ...

ਹਾਂ ਜੀ ਸਾਰੇ ਪਾਠਕ ਸੱਜਣੋ ਆਪ ਜੀ ਨੂੰ ਭਲੀ ਭਾਂਤ ਪਤਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦਾ ਦਰਿਆ ਪੰਜਾਬ ਨਾਲ ਸੰਬੰਧਿਤ ਸਿਆਸੀ ਪਾਰਟੀਆਂ ਦੇ ਲਾਲਚੀ ਖੁਦਗਰਜ ਸਿਆਸੀ ਆਗੂਆਂ ਤੇ ਅੱਗੇ ਪੰਜਾਬ ਪੁਲਿਸ ਦੀ ਖਾਕੀ ਵਰਦੀ ਪਾ ਕੇ ਗਦਾਰੀ ਕਰਨ ਵਾਲੇ ਪੁਲਿਸ ਮਹਿਕਮੇ ਦੇ ਵਿੱਚ ਉੱਪਰਲੇ ਅਹੁਦਿਆਂ ਤੋਂ ਲੈ ਕੇ ਥੱਲੇ ਤੱਕ ਨਸਿਆਂ ਦਾ ਕਾਰੋਬਾਰ ਕਰਨ ਵਾਲੇ ਪੰਜਾਬ ਪੁਲਿਸ ਦੇ ਮੁਲਾਜਮ ਹਨ ਜਦੋਂ ਵੀ ਪੰਜਾਬ ਦੀ ਵਿੱਚ ਕੋਈ ਚੋਣ ਹੁੰਦੀ ਹੈ ਤਾਂ ਸਭ ਤੋਂ ਵੱਡਾ ਮੁੱਦਾ ਇੱਕ ਹੀ ਹੁੰਦਾ ਹੈ ਕਿ ਅਸੀਂ ਪੰਜਾਬ ਵਿੱਚ ਨਸੇ ਖਤਮ ਕਰਾਂਗੇ ਅਕਾਲੀ ਭਾਜਪਾ ਕਾਂਗਰਸ ਆਪ ਇਹੀ ਹੁਣ ਤੱਕ ਤਿੰਨ ਹੁਕਮਰਾਨ ਸਾਹਮਣੇ ਆਏ ਹਨ ਇਨਾਂ ਨੇ ਵਾਅਦੇ ਕੀਤੇ ਸੀ ਕਿ ਅਸੀਂ ਨਸੇ ਬੰਦ ਕਰਾਂਗੇ ਕੀ ਨਸੇ ਬੰਦ ਹੋਏ ਇਹ ਮੈਂ ਨਹੀਂ ਕਹਿ ਰਿਹਾ ਸਮੁੱਚੀ ਪੰਜਾਬ ਦੇ ਪੇਂਡੂ ਤੇ ਸਹਿਰੀ ਇਲਾਕਿਆਂ ਦੇ ਲੋਕ ਕਹਿ ਰਹੇ ਹਨ ਮੌਜੂਦਾ ਸਮੇਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਪੰਜਾਬ ਦੇ ਦੁਖੀ ਹੋਏ ਲੋਕ ਦੁਖੀ ਪਿਛਲੀਆਂ ਸਿਆਸੀ ਪਾਰਟੀਆਂ ਤੋਂ ਸਨ ਤੇ ਉਨਾਂ ਨੇ ਸੁੱਖ ਦਾ ਸਾਹ ਲੈਣ ਲਈ ਆਮ ਆਦਮੀ ਪਾਰਟੀ ਨੂੰ ਦੂਜੇ ਹੱਲੇ ਹੀ ਪੰਜਾਬ ਦਾ ਰਾਜ ਭਾਗ ਦੇ ਦਿੱਤਾ। ਇਹਨਾਂ ਨੇ ਵੀ ਵਾਅਦਾ ਕੀਤਾ ਸੀ ਕਿ ਅਸੀਂ ਪੰਜਾਬ ਦੇ ਵਿੱਚੋਂ ਨਸਾ ਇੰਨੇ ਕੁ ਸਮੇਂ ਵਿੱਚ ਖਤਮ ਕਰ ਦੇਵਾਂਗੇ ਤਿੰਨ ਸਾਲ ਲੰਘ ਚੁੱਕੇ ਰਾਜ ਭਾਗ ਦੇ ਨਸਾ ਜਿਹੜਾ



**ਬਲਬੀਰ ਸਿੰਘ ਬੱਬੀ**

ਬੰਦ ਕਰਨੇ ਗੱਲਾਂ ਹੋਈਆਂ ਸੀ ਤੇ ਉਹ ਨਸਾ ਕਿੱਥੇ ਕਿੱਥੇ ਪਹੁੰਚ ਗਿਆ ਮੈਂ ਨਹੀਂ ਦੱਸਦਾ ਰੋਜਾਨਾ ਪੰਜਾਬ ਦੀਆਂ ਖਬਰਾਂ ਬੋਲਦੀਆਂ ਹਨ।

ਖੈਰ, ਇਕ ਮਾਰਚ ਤੋਂ ਪੰਜਾਬ ਦੇ ਵਿੱਚ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਪੁਲਿਸ ਨੇ ਯੁੱਧ ਨਸਿਆਂ ਵਿਰੁੱਧ ਛੇੜਿਆ ਤੇ ਡੀਜੀਪੀ ਸਾਹਿਬ ਨੇ ਤਿੰਨ ਮਹੀਨੇ ਭਾਵ 31 ਮਈ ਤੱਕ ਪੰਜਾਬ ਨੂੰ ਨਸਾ ਮੁਕਤ ਕਰਨ ਦੀ ਗੱਲ ਕਹੀ ਅੱਜ ਸੁੱਖ ਨਾਲ ਚਾਰ ਪੰਜ ਜੂਨ ਹੈ ਪੰਜਾਬ ਵਾਸੀਓ ਤੁਸੀਂ ਦੱਸੋ ਕਿ ਨਸਾ ਬੰਦ ਹੋ ਗਿਆ ਜੇਕਰ ਤੁਸੀਂ ਨਸਾ ਬੰਦ ਨਹੀਂ ਕਰ ਸਕਦੇ ਤਾਂ ਇਹੋ ਜਿਹੀਆਂ ਮੁਹਿੰਮਾਂ ਚਲਾਉਣ ਦਾ ਕੋਈ ਫਾਇਦਾ ਨਹੀਂ।

ਬੜੀ ਹੈਰਾਨੀ ਹੁੰਦੀ ਹੈ ਜਿਹੜੇ ਐਮਐਲਏ ਜਾਂ ਉਹਨਾਂ ਦੇ ਸਾਥੀਆਂ ਜਾਂ ਪੁਲਿਸ ਵਾਲਿਆਂ ਦਾ ਨਾਮ ਨਸਾ ਵਿਕਾਉਣ ਵਿੱਚ ਆਇਆ ਤੇ ਉਹ ਨਸੇ ਵਿਰੁੱਧ ਯੁੱਧ ਲੜਦੇ ਸਮੇਂ ਹੱਥ ਕੱਢ ਕੱਢ ਕੇ ਨਸਿਆਂ ਸਬੰਧੀ ਸੌਂਹਾਂ ਚੁੱਕਣ ਦੀਆਂ ਗੱਲਾਂ ਕਰਦੇ ਹਨ ਇਹ ਅਜਿਹੇ ਬਣਾਉਟੀ ਸੋਸੇ ਕਾਰਨਾ ਕਰਕੇ ਹੀ ਪੰਜਾਬ ਵਿੱਚੋਂ ਨਸਾ ਬੰਦ ਨਹੀਂ ਹੋ ਰਿਹਾ ਮੈਨੂੰ ਖੁਦ ਸਮਝ ਨਹੀਂ ਆ ਰਹੀ ਨਸਾ ਤਸਕਰਾਂ ਤੇ ਪੁਲਿਸ ਵਾਲਿਆਂ ਦੀ ਮੀਲੀ ਭੁਗਤ ਸਦਕਾ ਪੰਜਾਬ ਦੇ ਕਿਹੜੇ ਹਿੱਸੇ ਦੀ ਗੱਲ ਕਰਾਂ ਜਿੱਥੇ ਨਸੇ ਦਾ ਵਿਰੋਧ ਕਰਨ ਵਾਲਿਆਂ ਨੂੰ ਜੁਲਮ ਝੱਲਣਾ ਪਿਆ ਕਈਆਂ ਨੂੰ ਜਾਨਾਂ ਵਾਰਨੀਆਂ ਪਈਆਂ ਮੈਂ ਖੁਦ ਇਸ ਚੀਜ ਤੋਂ ਪੀੜਿਤ ਹਾਂ ਯੁੱਧ ਨਸ਼ਿਆਂ ਵਿਰੁੱਧ ਮੈਂ ਕਿਸੇ ਵੀ ਸੁਹਿਰਦ ਸੱਜਣ ਨੂੰ ਬੇਨਤੀ ਕਰਦਾ ਹਾਂ ਕਿ ਆਓ ਭਾਈ ਤੁਹਾਨੂੰ ਦਿਖਾਈਏ ਨਸਾ ਕੌਣ ਵੇਚ ਰਿਹਾ ਕਿਵੇਂ ਵਿਕ ਰਿਹਾ ਜੇਕਰ ਕਿਸੇ ਐਮਐਲਏ ਕਿਸੇ ਕੋਲ ਅਫਸਰ ਕੋਲ ਇੰਨਾ ਕੁ ਸਮਾਂ ਹੋਵੇ ਤਾਂ ਮੇਰੀ ਆਵਾਜ ਸੁਣ ਲਵੇ ਇਹ ਆਵਾਜ ਉਹ ਹੈ ਜਿਹੜੀ ਮੈਂ ਅੱਜ ਹੀ ਨਹੀਂ 2015 ਤੋਂ ਬੁਲੰਦ ਕਰਦਾ ਆ ਰਿਹਾ ਹੈ ਕਿਸੇ ਕੋਲ ਟਾਈਮ ਨਸਿਆਂ ਤੋਂ ਪੀੜਤ ਤੇ ਨਸਿਆਂ ਵਿਰੁੱਧ ਆਵਾਜ ਚੁੱਕਣ ਵਾਲੇ ਵਿਅਕਤੀ ਦੀ ਗੱਲ ਸੁਣਨ ਲਈ ਜਾਂ ਫਿਰ ਨਸਿਆਂ ਵਿਰੁੱਧ ਯੁੱਧ ਹੀ ਲੜਿਆ ਜਾ ਰਿਹਾ ਹੈ ਧਿਆਨ ਗੋਚਰੇ...!

### ਕਵਿਤਾ

## ਜਿੰਦਗੀ ਦਾ ਕੌੜਾ ਪਨ

ਜਿੰਦਗੀ ਕੁਝ ਮਿੱਠੀ ਵੀ ਹੈ
ਜਿੰਦਗੀ ਕੁਝ ਕੌੜੀ ਵੀ ਹੈ।
ਕੌੜੀ ਚੀਜ ਮਾੜੀ ਨਹੀਂ ਹੁੰਦੀ
ਕੌੜਾ ਨਿੰਮ ਉਪਯੋਗੀ ਹੁੰਦਾ ਹੈ।
ਅੰਬ ਮਿਠਾ ਹੋਣ ਦੇ ਬਾਵਜੂਦ
ਡਾਇਬਟੀਜ ਪੈਦਾ ਕਰਦਾ ਹੈ।
ਲਸਣ ਵਿੱਚ ਬਦਬੂ ਆਉਂਦੀ ਹੈ
ਬਿਮਾਰੀਆਂ ਦੂਰ ਕਰਦਾ ਹੈ।
ਬੇਸਕ ਆਪਣੇ ਤਾਂ ਆਪਣੇ ਹੁੰਦੇ ਹਨ
ਪਰ ਕਈ ਓਪਰੇ ਆਪਣੇ ਹੁੰਦੇ ਹਨ।
ਅਸੀਂ ਦੁੱਖ ਤੋਂ ਬਹੁਤ ਘਬਰਾ ਜਾਂਦੇ ਹਾਂ
ਪਰ ਦੁੱਖ ਬਹੁਤ ਕੁਝ ਸਿਖਾ ਜਾਂਦੇ ਹਨ।
ਠੋਕਰ ਲੱਗਣ ਤੇ ਸੱਟ ਤਾਂ ਲੱਗਦੀ ਹੈ
ਪਰ ਠੋਕਰ ਸੰਭਲਨਾ ਸਿਖਾ ਜਾਂਦੀ ਹੈ।
ਕੋਈ ਧੋਖਾ ਦੇ ਜਾਵੇ ਦੁੱਖ ਤਾਂ ਹੁੰਦਾ ਹੈ
ਇਹ ਧੋਖਾ ਸਾਵਧਾਨੀ ਸਿਖਾ ਜਾਂਦਾ ਹੈ।
ਸਾਡੇ ਕੋਲ ਗਲਤੀਆਂ ਹੋ ਜਾਂਦੀਆਂ ਹਨ
ਬੰਦਾ ਗਲਤੀ ਕਰਕੇ ਤਾਂ ਸਿੱਖਦਾ ਹੈ।
ਜਿੰਦਗੀ ਦਾ ਕੌੜਾ ਬਣ ਅਕਸਰ
ਜਿੰਦਗੀ ਦੀ ਮਿਠਾਸ ਹੁੰਦੀ ਹੈ।

**ਪ੍ਰੋਫੈਸਰ ਸਾਮ ਲਾਲ ਕੌਸਲ**

941635 90 45



## ਟੱਪੇ

ਨੱਪੀ ਸ਼ਾਮਲਾਟ ਪਿੰਡ ਵਿੱਚ ਸਾਰੀ
ਅੱਜ ਜੱਦੀ ਸਰਦਾਰ ਬਣਗੇ।

ਮਖੌਟਾ ਪਾ ਕੇ ਸ਼ਰਾਫਤ ਵਾਲਾ
ਦਿਲਾਂ ਚ ਬੇਈਮਾਨੀ ਰੱਖਦੇ।

ਖੁਦ ਖਾ ਗਏ ਇਮਾਨ ਸਾਰਾ ਵੇਚ ਕੇ
ਜੋ ਲੋਕਾਂ ਨੂੰ ਬੇਈਮਾਨ ਦੱਸਦੇ

ਟੋਭੇ, ਪਹੀਆਂ ਤੇ ਦੱਬ ਸ਼ਾਮਲਾਟ ਜੀ
ਬਣਗੇ ਘੜੱਮ ਚੌਧਰੀ।

ਜੋ ਸੌਹਾਂ ਖਾ ਕੇ ਮੁੱਕਰ ਗਏ ਇਕੱਠ ਚ
ਅੱਜ ਬਣੀ ਨਾਢੂ ਖਾਂ ਫਿਰਦੇ ।

ਲੱਤਾਂ ਬਹੁਤਾ ਚਿਰ ਭਾਰ ਨਹੀਂਓ ਝੱਲਦੀਆਂ
ਹੋਰ ਕਿੰਨਾ ਚਿਰ ਕਰੂੰ ਬਦਮਾਸ਼ੀਆਂ।



**ਹਰਪ੍ਰੀਤ ਸਿੰਘ ਸੋਨੀ**

ਪਿੰਡ ਬੇਲਾ, ਤਹਿਸੀਲ ਚਮਕੌਰ ਸਾਹਿਬ, ਰੂਪਨਗਰ।



# ਆਪਣੇ ਆਪ ਦੇ ਖ਼ੁਦ ਮਾਲਕ ਬਣੋ

ਆਪਣੇ ਆਪ ਦੇ ਖ਼ੁਦ ਮਾਲਕ ਬਣਨਾ ਜਿੰਨਾ ਸੌਖਾ ਲਗਦਾ ਹੈ ਓਨਾ ਹੀ ਇਹ ਔਖਾ ਹੈ  ਆਪਣੇ ਆਪ ਦਾ ਖ਼ੁਦ ਮਾਲਕ ਉਹ ਵਿਅਕਤੀ ਹੁੰਦਾ ਹੈ ਜਿਹੜਾ ਆਪਣੇ ਫੈਸਲੇ ਖ਼ੁਦ ਕਰੇ, ਆਪਣੇ ਆਪ ਨੂੰ ਹੀ ਸ਼ਕਤੀ ਮੰਨੇ, ਆਪਣੇ ਕੀਤੇ ਕੰਮਾਂ ਤੇ ਮਾਣ ਕਰੇ, ਖ਼ੁਦ ਬੇਹਤਰ ਬਣੇ, ਦੂਜਿਆਂ ਨੂੰ ਬੇਹਤਰ ਬਣਨ ਲਈ ਪ੍ਰੇਰੇ ਅਤੇ ਲਾਈਲੱਗਤਾ ਛੱਡੇ

ਗੈਬੀ ਸ਼ਕਤੀਆਂ ਤੇ ਯਕੀਨ ਕਰਨ ਵਾਲੇ, ਹੱਥਾਂ ਤੇ ਮੱਥੇ ਦੀਆਂ ਰੇਖਾਵਾਂ ਤੇ ਯਕੀਨ ਰੱਖਣ ਵਾਲੇ, ਹਰ ਕੰਮ ਲਈ ਮਹੂਰਤ ਕਢਵਾਉਣ ਵਾਲੇ ਅਤੇ ਹਰ ਕੰਮ ਵਾਸਤੇ ਸੁੱਖਾਂ ਸੁੱਖਣ ਵਾਲੇ ਕਦੇ ਵੀ ਖ਼ੁਦ ਆਪਣੇ ਮਾਲਕ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਨੂੰ ਯਕੀਨ ਹੀ ਨਹੀਂ ਹੁੰਦਾ ਕਿ ਇਹ ਖ਼ੁਦ ਵੀ ਕੁੱਝ ਕਰਨ ਦੇ ਯੋਗ ਹਨ

ਇਸੇ ਕਰਕੇ ਇਹ ਕਿਸੇ ਅਣਦੇਖੀ ਸ਼ਕਤੀ ਤੇ ਹੀ ਯਕੀਨ ਕਰਦੇ ਹਨ ਅਤੇ ਉਨ੍ਹਾਂ ਨੂੰ ਲਗਦਾ ਹੈ ਕਿ ਇਹ ਗੈਬੀ ਸ਼ਕਤੀ ਹੀ ਸਭ ਕੁੱਝ ਕਰਨ ਦੇ ਯੋਗ ਹੈ ਇਸ ਲਈ ਜ਼ਰੂਰੀ ਹੈ ਕਿ ਹਰ ਵਿਅਕਤੀ ਆਪਣਾ ਖ਼ੁਦ ਮਾਲਕ ਬਣਨ ਦੀ ਕੋਸ਼ਿਸ਼ ਕਰੇ ਜਿਸ ਤੇ ਉਹ ਮਾਣ ਕਰ ਸਕੇ




**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
ਜੱਦੀ ਪਿੰਡ ਖੁਰਦਪੁਰ (ਜਲੰਧਰ)
006421392147

# .ਗਜ਼ਲ

ਦਿਨ ਬ ਦਿਨ ਜੋ ਵਧ ਰਹੀ ਹੈ ਈਰਖਾ ਦੀ ਜਹਿਰ ਅੰਦਰ।
ਜਾਪਦਾ ਦਮ ਘੁਟ ਰਿਹਾ ਹੋਵੇ ਜਿਵੇਂ ਇਸ ਸਹਿਰ ਅੰਦਰ।

ਛਣਕਦੇ ਮੁਟਿਆਰ ਦੀਆਂ ਝਾਂਜਰਾਂ ਦੇ ਬੋਰ ਜਿੱਦਾਂ,
ਸ਼ਿਅਰ ਤੇਰੀ ਗਜਲ ਦੇ ਹੋਣ ਪੂਰੀ ਬਹਿਰ ਅੰਦਰ।

ਬੌਂਖਲਾ ਕੇ ਆਖਿਆ ਮੈਂ ਤੜਪਦੇ ਜਜਬਾਤ ਨੂੰ,
ਕਰ ਸਬੂਰੀ ਪਲ ਕੁ ਜਾਓ ਦਿਲ ਮੇਰੇ ਦੇ ਠਹਿਰ ਅੰਦਰ।

ਚਹਿਕਦੇ ਸੁਣ ਪੰਛੀਆਂ ਨੂੰ ਰੋਗ ਟੁੱਟਣ ਰੋਗੀਆਂ ਦੇ,
ਜਾਪਦੀ ਹੈ ਲਰਜਦੀ ਕੋਈ ਖੁਸੀ ਦੀ ਲਹਿਰ ਅੰਦਰ।

ਪਿਉ ਮਰੇ ਤਾਂ ਪਾਲਦੀ ਮਾਂ ਬੱਚਿਆਂ ਨੂੰ ਬਾਪ ਬਣ ਕੇ,
ਮਾਂ ਮਰੇ ਤਾਂ ਪਿਉ ਲਿਆਵੇ ਮਾਂ ਨਵੀਂ ਕੁਝ ਪਹਿਰ ਅੰਦਰ।

ਰੰਗ ਅੰਬਰ ਨੇ ਵਟਾਇਆ ਕਿਉਂ ਭਲਾ ਸੋਚੋ ਤੁਸੀਂ ਵੀ,
ਹਉਕਿਆਂ ਦੇ ਕਾਫਲੇ ਨੇ ਹੈ ਭਰੀ ਇਹ ਗਹਿਰ ਅੰਦਰ।

ਚੋਣ ਦਾ ਹੋਵੇ ਸਹੀ ਜੇ ਢੰਗ ਤਾਂ ਮਿਲਦੇ ਨਤੀਜੇ ਸਾਰਥਕ,
ਬਣ ਸੁਨਾਮੀ ਰੋੜ੍ਹ ਦਿੱਤਾ ਵਿੱਚ ਪਲਾਂ ਦੇ ਸਹਿਰ ਸਾਰਾ,
ਕੰਢਿਆਂ ਨੂੰ ਖੋਰ ਦਿੱਤਾ ਜੋਸ ਏਨਾ ਲਹਿਰ ਅੰਦਰ।

ਬੇਬਸੀ ਜਾਂ ਹਾਦਸਾ ਹੈ ਵੇਖ ਭਾਵਕ ਹੋ ਗਏ ਸੀ
ਲਾਸ ਤਰਦੀ ਆ ਰਹੀ ਸੀ ਦੂਰ ਦਿਸਦੀ ਨਹਿਰ ਅੰਦਰ।

ਹਰ ਸਮੇਂ ਸਰਕਾਰ ਸੱਤਾ ਦੇ ਨਸੇ ਵਿੱਚ ਚੂਰ ਰਹਿੰਦੀ,
ਯੋਗਤਾ ਦਾ ਮੁੱਲ ਪੈਂਦਾ ਨਾ ਕਿਸੇ ਵੀ ਸਹਿਰ ਅੰਦਰ।

ਜੁਲਮ ਤੇਰੇ ਨੇ ਜਗਾਏ ਹੌਂਸਲਾ, ਹਿੰਮਤ, ਦਲੇਰੀ,
ਜੋ ਛੁਪੀ ਸੀ ਹਾਕਮਾ ਤੇਰੇ ਅਨੋਖੇ ਕਹਿਰ ਅੰਦਰ।



**ਅਮਰਜੀਤ ਕੌਰ**
**ਮੋਰਿੰਡਾ**
7888835400

ਸਮਾਜ ਵੀਕਲੀ
ਨਿਊਜ਼

# ਨੀ ਜਿੰਦੇ

ਰੂਹ ਨੂੰ ਲਹੂ ਲਹਾਨ ਕਰ ਜਾਂਦੇ
ਕੰਡਿਆਂ ਦੇ ਇਹ ਝਾੜ ਨੀ ਜਿੰਦੇ
ਮਿਲਦੇ ਨਵੇਂ ਜਖਮ ਨੇ ਏਥੇ
ਨਾ ਤੂੰ ਭਾਲ ਚੰਦਰੀਏ ਪਿਆਰ ਨੀ ਜਿੰਦੇ ।

ਬੋਲਣ ਬੋਲ ਕੁਬੋਲ ਨੇ ਡਾਢੇ
ਡਿੱਗਦੇ ਜਿਵੇਂ ਅੰਗਿਆਰ ਨੀ ਜਿੰਦੇ
ਅੰਦਰ ਬਾਹਰ ਸੜ ਭੁਜ ਜਾਵੇ
ਨਾ ਤੂੰ ਭਾਲ ਚੰਦਰੀਏ ਪਿਆਰ ਨੀ ਜਿੰਦੇ ।

ਜਿਉਂਦਿਆਂ ਨੂੰ ਗਿਰਝਾਂ ਖਾਂਦੀਆਂ
ਬੰਦੇ ਖਾਵਣ ਮੁਰਦਾਰ ਨੀ ਜਿੰਦੇ
ਏਥੇ ਆਪਣਾ ਮਾਸ ਬਚਾ ਲੈ ਨੀ
ਨਾ ਤੂੰ ਭਾਲ ਚੰਦਰੀਏ ਪਿਆਰ ਨੀ ਜਿੰਦੇ ।

ਜਹਿਰਾਂ ਖਾਂਦੇ ਜਹਿਰਾਂ ਪੀਂਦੇ
ਜਹਿਰਾਂ ਦਾ ਕਰਨ ਵਪਾਰ ਨੀ ਜਿੰਦੇ ।
ਧਰਤ ਤੋਂ ਅੰਬਰ ਤੱਕ ਜਹਿਰੀ ਹੋਇਆ
ਨਾ ਤੂੰ ਭਾਲ ਚੰਦਰੀਏ ਪਿਆਰ ਨੀ ਜਿੰਦੇ ।




**ਜਗਤਾਰ ਸਿੰਘ ਹਿੱਸੋਵਾਲ**

## ਗਿਆਨ ਇੰਦਰੀਆਂ ਦਾ ਮਹੱਤਵ :

# ਮਨੁੱਖੀ ਸ਼ਰੀਰ ਵਿੱਚ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ

ਅੱਖ, ਕੰਨ, ਨੱਕ, ਜੀਭ ਅਤੇ ਚਮੜੀ ।

ਗਿਆਨ ਇੰਦਰੀਆਂ ਮਨੁੱਖੀ ਸਰੀਰ ਦੇ ਅਜਿਹੇ ਅੰਗ ਹਨ , ਜੋ ਬਾਹਰੀ ਦੁਨੀਆ ਤੋਂ ਉਤੇਜਨਾਵਾਂ ਨੂੰ ਗ੍ਰਹਿਣ ਕਰਕੇ ਤੰਤੂ ਵਿੱਚ ਬਦਲਦੀਆਂ ਹਨ। ਇਹ ਸੰਕੇਤ ਦਿਮਾਗ ਤੱਕ ਪਹੁੰਚ ਕੇ ਸਾਨੂੰ ਦ੍ਰਿਸ, ਧੁਨੀ, ਗੰਧ, ਸਵਾਦ ਅਤੇ ਸਪਰਸ ਦਾ ਅਨੁਭਵ ਕਰਵਾਉਂਦੇ ਹਨ।

### ਇੰਦਰੀਆਂ ਦਾ ਵਿਗਿਆਨਕ ਕਾਰਜ:-

**ਅੱਖ** :- ਅੱਖਾਂ ਦੇ ਰੈਟੀਨਾ ਵਿੱਚ ਰੌਡਸ ਅਤੇ ਕੋਨਸ ਨਾਮਕ ਸੈੱਲ ਹੁੰਦੇ ਹਨ, ਜੋ ਰੋਸਨੀ ਨੂੰ ਇਲੈਕਟ੍ਰੀਕਲ ਸਿਗਨਲਾਂ ਵਿੱਚ ਬਦਲਦੇ ਹਨ। ਕੋਨਸ ਰੰਗਾਂ ਨੂੰ ਪਛਾਣਦੇ ਹਨ, ਜਦੋਂ ਕਿ ਰੌਡਸ ਘੱਟ ਰੋਸਨੀ ਵਿੱਚ ਦੇਖਣ ਵਿੱਚ ਮੱਦਦ ਕਰਦੇ ਹਨ।

**ਕੰਨ** : - ਕੰਨਾਂ ਦਾ ਪ੍ਰਾਥਮਿਕ ਕਾਰਜ ਧੁਨੀ ਤਰੰਗਾਂ ਨੂੰ ਗ੍ਰਹਿਣ ਕਰਕੇ ਦਿਮਾਗ ਤੱਕ ਪਹੁੰਚਾਉਣਾ ਹੈ। ਬਾਹਰੀ ਕੰਨ ਧੁਨੀ ਨੂੰ ਇਕੱਠਾ ਕਰਦਾ ਹੈ, ਮੱਧ ਕੰਨ ਵਿੱਚ ਇਸਨੂੰ ਵਧਾਇਆ ਜਾਂਦਾ ਹੈ, ਅਤੇ ਅੰਦਰੂਨੀ ਕੰਨ , ਇਸਨੂੰ ਬਿਜਲੀ ਸੰਕੇਤਾਂ ਵਿੱਚ ਬਦਲਦਾ ਹੈ।

ਸਮਾਜ ਵੀਕਲੀ
ਨਿਊਜ਼

**ਨੱਕ** :- ਨੱਕ ਸਾਹ ਲੈਣ ਦਾ ਪ੍ਰਾਥਮਿਕ ਰਸਤਾ ਹੈ। ਇਹ ਹਵਾ ਨੂੰ ਫਿਲਟਰ, ਗਰਮ, ਅਤੇ ਨਮ ਕਰਕੇ ਫੇਫੜਿਆਂ ਤੱਕ ਪਹੁੰਚਾਉਂਦਾ ਹੈ। ਨੱਕ ਵਿੱਚ ਐਪੀਥੀਲੀਅਮ ਹੁੰਦਾ ਹੈ, ਜੋ ਗੰਧ ਦੇ ਅਣੂਆਂ ਨੂੰ ਪਛਾਣ ਕੇ ਦਿਮਾਗ ਨੂੰ ਸੰਕੇਤ ਭੇਜਦਾ ਹੈ। ਇਹ ਖਤਰਨਾਕ ਗੈਸਾਂ ਜਾਂ ਸੜੇ ਹੋਏ ਭੋਜਨ ਦੀ ਗੰਧ ਤੋਂ ਸਾਨੂੰ ਸੁਚੇਤ ਕਰਦਾ ਹੈ। ਨੱਕ ਵਿੱਚ ਮੌਜੂਦ ਨੱਕ ਦੇ ਵਾਲ ਅਤੇ ਮਿਊਕਸ (ਚਿਕਣਾ ਪਦਾਰਥ) ਧੂੜ, ਕੀਟਾਣੂਆਂ, ਅਤੇ ਅਸੁੱਧੀਆਂ ਨੂੰ ਫਿਲਟਰ ਕਰਦੇ ਹਨ।

**ਜੀਭ** :- ਜੀਭ ਦੀ ਸਤਹ 'ਤੇ ਸਵਾਦ ਕਲਿਕਾਵਾਂ ਹੁੰਦੀਆਂ ਹਨ, ਜੋ ਮਿੱਠਾ, ਖੱਟਾ, ਨਮਕੀਨ, ਕੌੜਾ ਨੂੰ ਪਛਾਣਦੀਆਂ ਹਨ।

ਜੀਭ ਖਾਣੇ ਦੇ ਕਣਾਂ ਅਤੇ ਬੈਕਟੀਰੀਆ ਨੂੰ ਹਟਾਉਣ ਵਿੱਚ ਮਦਦ ਕਰਦੀ ਹੈ। ਜੀਭ ਸੰਵੇਦਨਸੀਲ ਹੁੰਦੀ ਹੈ ਅਤੇ ਗਰਮ, ਠੰਡਾ ਆਦਿ ਨੂੰ ਮਹਿਸੂਸ ਕਰ ਸਕਦੀ ਹੈ।

ਜੀਭ ਸਾਡੇ ਰੋਜਾਨਾ ਜੀਵਨ ਵਿੱਚ ਖਾਣ-ਪੀਣ, ਬੋਲਣ ਅਤੇ ਸਵਾਦ ਲੈਣ ਦਾ ਇੱਕ ਅਨਿੱਖੜਵਾਂ ਅੰਗ ਹੈ। ਇਸ ਨੂੰ ਸਾਫ ਅਤੇ ਤੰਦਰੁਸਤ ਰੱਖਣਾ ਬਹੁਤ ਜਰੂਰੀ ਹੈ। ਬਿਨਾਂ ਜੀਭ ਦੇ, ਅੱਖਰ ਜਿਵੇਂ ਲ, ਰ, ਟ, ਡ, ਨ ਆਦਿ ਬੋਲਣਾ ਮੁਸਕਿਲ ਹੋਵੇਗਾ।

**ਚਮੜੀ** :-

– ਮੈਕੈਨੋਰੀਸੈਪਟਰਸ :– ਦਬਾਅ, ਛੂਹਣ ਅਤੇ ਕੰਬਣ ਨੂੰ ਮਹਿਸੂਸ ਕਰਦੇ ਹਨ।

– ਥਰਮੋਰੀਸੈਪਟਰਸ :– ਗਰਮੀ–ਸਰਦੀ ਨੂੰ ਪਛਾਣਦੇ ਹਨ।

ਇੰਦਰੀਆਂ ਦੀ ਮਹੱਤਤਾ

1. ਸੁਰੱਖਿਆ: ਖਤਰਿਆਂ (ਜਿਵੇਂ ਧੂੰਆਂ, ਤੇਜ ਆਵਾਜ) ਤੋਂ ਸਾਵਧਾਨ ਕਰਦੀਆਂ ਹਨ।

2. ਸਿੱਖਣਾ: ਬੱਚੇ ਇੰਦਰੀਆਂ ਰਾਹੀਂ ਹੀ ਦੁਨੀਆ ਨੂੰ ਸਮਝਦੇ ਹਨ।

3. ਸੰਚਾਰ: ਬੋਲਣ , ਲਿਖਣ ਅਤੇ ਸਮਝਣ ਲਈ ਇੰਦਰੀਆਂ ਜਰੂਰੀ ਹਨ।

ਗਿਆਨ ਇੰਦਰੀਆਂ, ਸਾਡੇ ਸਰੀਰ ਦੇ ਸਭ ਤੋਂ ਅਦਭੁੱਤ ਅੰਗ ਹਨ। ਇਹ ਨਾ ਸਿਰਫ ਸਾਨੂੰ ਦੁਨੀਆ ਨਾਲ ਜੋੜਦੀਆਂ ਹਨ , ਸਗੋਂ ਸਾਡੇ ਵਿਚਾਰਾਂ, ਯਾਦਾਂ ਅਤੇ ਭਾਵਨਾਵਾਂ ਨੂੰ ਵੀ ਆਕਾਰ ਦਿੰਦੀਆਂ ਹਨ। ਇਹਨਾਂ ਦੀ ਸੰਭਾਲ ਕਰਨਾ ਅਤੇ ਇਹਨਾਂ ਦੀ ਸਕਤੀ ਨੂੰ ਸਮਝਣਾ ਸਾਡੇ ਜੀਵਨ ਨੂੰ ਵਧੇਰੇ ਸੁਚੇਤ ਅਤੇ ਅਨੁਭਵਸੀਲ ਬਣਾਉਂਦਾ ਹੈ।



**ਮਨਪ੍ਰੀਤ ਕੌਰ**
**ਮਾਨਸਾ**

## ਪਿੰਡ-ਗਰਾਂ
### (ਮਨਜੀਤ ਸਿੰਘ ਬੱਧਣ)

ਗੋਰੇ-ਗੋਰੀਆਂ ਤੋਂ ਪਰੇ, ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਯਾ-ਯਾ, ਓ'ਕੇ, ਥੈਂਕਿਊ ਤੋਂ ਪਰੇ, ਚੱਲਾਂ ਛੱਡੇ ਘਰਾਂ ਦੇ ਵੱਲ।

ਉਸ ਘੜੀ ਆਪਣਿਆਂ ਕੋਲੋਂ, ਬੇਗਾਨਿਆਂ ਕੋਲ ਆ ਗਏ।
ਵੈਸੇ ਸੋਹਰਤਾਂ ਦੇ ਪਰਚਮ ਫੇਰ ਅਸਮਾਨਾਂ ਵਿੱਚ ਛਾ ਗਏ।
ਇੱਕ ਖਿੱਚ੍ਹ ਜਿਹੀ ਜੋ ਰਹਿ ਗਈ, ਕੁਝ ਕਰਾਂ ਇਸ ਦਾ ਹੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।

ਖੱਬੇ ਬੰਨੇ ਪਿੰਡ ਦੇ, ਅੱਧ-ਲਿੱਪਿਆ ਜਿਹਾ ਉਹ ਵਿਹੜਾ।
ਸੁਫਨਿਆਂ ਵਿੱਚ ਆ-ਆ ਕੇ, ਪਾ ਜਾਂਦਾ ਹੈ ਬਾਤਾਂ ਜਿਹੜਾ।
ਖੂਹਾਂ 'ਤੇ ਉਡੀਕਦੇ ਤੂਤਾਂ, ਪਿੱਪਲਾਂ, ਬੋਹੜਾਂ ਨਾਲ ਹੋਵੇ ਗੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।

ਇਹ ਪਿੰਡ ਛੱਡਿਆ ਤਾਂ ਸੀ ਪਰ ਦਿਲੋਂ ਨਾ ਕੱਢ ਹੋਇਆ।
ਸੱਚ ਹੀ ਸੁਣਿਆ, ਨਹੁੰਆਂ ਤੋਂ ਕਦੇ ਮਾਸ ਨਾ ਅੱਡ ਹੋਇਆ।
ਉੱਡ ਮਨਾਂ ਕੁਝ ਦਿਨ ਮੋੜ ਲਿਆਈਏ, ਬੀਤੇ ਹੋਏ ਪੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।

ਇਹ ਜੱਗ ਧਰਮਸਾਲ, ਤੁਰ ਜਾਂਦੇ ਆ ਮਹਿਮਾਨ ਬਹੁਤ ਨੇ।
ਬੇਗਾਨਿਆ ਮੁਲਕਾ! ਤੇਰੇ ਵੀ ਮੇਰੇ 'ਤੇ ਅਹਿਸਾਨ ਬਹੁਤ ਨੇ।
ਆਫਟਰ ਟੂ-ਥਰੀ ਵੀਕ ਮੁੜਨਾ ਹੀ ਪੈਣਾ, ਹੈ ਸਮਾਂ ਅਟੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।

ਯਾ-ਯਾ, ਓ'ਕੇ, ਥੈਂਕਿਊ ਤੋਂ ਪਰੇ, ਚੱਲਾਂ ਛੱਡੇ ਘਰਾਂ ਦੇ ਵੱਲ।
ਗੋਰੇ-ਗੋਰੀਆਂ ਤੋਂ ਪਰੇ, ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।



ਮਨਜੀਤ ਸਿੰਘ ਬੱਧਣ
9417635053

# ਵਾਤਾਵਰਨ ਦਿਵਸ

ਕਹਿੰਦੇ ਅੱਜ ਵਿਸ਼ਵ ਵਾਤਾਵਰਨ ਦਿਵਸ ਹੈ। ਮਤਲਬ ਅਸੀਂ ਵਾਤਾਵਰਨ ਨੂੰ ਸੁੱਧ ਰੱਖਣ ਲਈ ਉਪਰਾਲੇ ਕਰਨੇ ਹਨ। ਬਹੁਤੇ ਲੋਕ ਵਾਤਾਵਰਨ ਦੀ ਪ੍ਰੀਭਾਸ਼ਾ ਤੋਂ ਹੀ ਅਣਜਾਣ ਹਨ। ਸ਼ੋਸ਼ਲ ਮੀਡੀਆ ਕਰਕੇ ਬਹੁਤਿਆਂ ਨੂੰ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਪਤਾ ਲੱਗ ਜਾਂਦਾ ਹੈ। ਪ੍ਰੰਤੂ ਅਸੀਂ ਲੋਕ ਆਪਣਾ ਸਹਿਯੋਗ ਪਾਉਣਾ ਜਰੂਰੀ ਸਮਝਦੇ ਹਾਂ। ਚਾਹੇ ਉਹ ਕਿਸੇ ਵੀ ਰੂਪ ਵਿੱਚ ਹੋਵੇ। ਕੁਝ ਅਦਾਰਿਆਂ ਸੰਸਥਾਵਾਂ ਕੋਲ੍ਹ ਇਸ ਦਿਨ ਲਈ ਵਿਸ਼ੇਸ਼ ਫੰਡ ਹੁੰਦੇ ਹਨ ਜਾਂ ਆਉਂਦੇ ਹਨ। ਫਿਰ ਉਹ ਇਸ ਦਿਨ ਨੂੰ ਮਨਾਕੇ ਉਹਨਾਂ ਫੰਡਾਂ ਨੂੰ ਖਰਚ ਕਰਦੇ ਹਨ।

ਬਹੁਤੇ ਲੋਕ ਇਹ ਸਮਝਦੇ ਹਨ ਕਿ ਵਾਤਾਵਰਨ ਦਿਵਸ ਲਈ ਰੁੱਖ ਪੌਦੇ ਲਾਉਣੇ ਹੀ ਇੱਕ ਮਾਤਰ ਹੱਲ ਹੈ। ਉਹ ਅੱਜ ਦੇ ਦਿਨ ਜਦੋਂ ਭਾਰਤ ਦੇ ਬਹੁਤੇ ਹਿੱਸਿਆਂ ਵਿੱਚ ਤਾਪਮਾਨ 45 ਦੇ ਨੇੜੇ ਤੇੜੇ ਹੁੰਦਾ ਹੈ ਉਹ ਪੌਦੇ ਲਾਉਂਦੇ ਹਨ। ਇੰਨੀ ਗਰਮੀ ਵਿੱਚ ਪੌਦੇ ਲਾਉਣਾ ਮੂਰਖਤਾ ਹੈ। ਇਹ ਇਹ੍ਹਨਾਂ ਪੌਦਿਆਂ ਨੂੰ ਕੁੱਖ ਵਿੱਚ ਕਤਲ ਕਰਨ ਦੇ ਬਰਾਬਰ ਹੈ। ਪ੍ਰੰਤੂ ਸਾਨੂੰ ਕੀ ਅਸੀਂ ਤਾਂ ਰੁੱਖ ਲਾਉਂਦਿਆਂ ਦੀਆਂ ਫੋਟੋਆਂ ਸ਼ੋਸ਼ਲ ਮੀਡੀਆ ਤੇ ਪਾਉਣੀਆਂ ਹਨ। ਅਸੀਂ ਰੁੱਖ ਲਗਾਉਂਦੇ ਹੋਏ ਫੋਟੋ ਕਰਵਾਉਣੀ ਹੈ ਭਾਵੇਂ ਰੁੱਖ ਅਗਲੇ ਦਿਨ ਮੱਚ ਜਾਂਵੇ। ਰੁੱਖ ਲਾਉਣ ਵਿੱਚ ਸਾਡੇ ਸਿਆਸੀ ਆਗੂ ਮੂਹਰੇ ਹੁੰਦੇ ਹਨ।

ਫਿਰ ਕੁਝ ਸੰਸਥਾਵਾਂ ਵੱਡੇ ਵੱਡੇ ਸੈਮੀਨਾਰ ਕਰਦੀਆਂ ਹਨ। ਵਿਦਵਾਨ ਵਾਤਾਵਰਨ ਸੁੱਧ ਰੱਖਣ ਲਈ ਭਾਸ਼ਣ ਦਿੰਦੇ ਹਨ। ਉਥੇ ਚਾਹ ਕੌਫ਼ੀ ਅਤੇ ਪਾਣੀ ਲਈ ਪਲਾਸਟਿਕ ਦੇ ਗਿਲਾਸਾਂ ਕੱਪਾਂ ਦਾ ਪ੍ਰਯੋਗ ਹੁੰਦਾ ਹੈ। ਉਹ ਖਾਲੀ ਕੱਪ ਗਿਲਾਸ ਜਮੀਨ ਤੇ ਹੀ ਸੁੱਟ ਦਿੱਤੇ ਜਾਂਦੇ ਹਨ। ਜੋ ਵਾਤਾਵਰਨ ਬਚਾਓ ਦੇ ਪ੍ਰਬੰਧਕਾਂ ਦਾ ਮੂੰਹ ਚਿੜਾਉਂਦੇ ਹਨ।

ਕਈ ਵਾਤਾਵਰਨ ਦਿਵਸ ਦੇ ਨਾਮ ਤੇ ਪੇਂਮਫਲਿਟ ਇਸ਼ਤਿਹਾਰ ਵੰਡਦੇ ਹਨ ਕੰਧਾਂ ਤੇ ਚਿਪਕਾਉਂਦੇ ਹੋਏ ਇਹ ਸੋਚਦੇ ਹਨ ਕਿ ਅਸੀਂ ਵਾਤਾਵਰਨ ਬਚਾਉਣ ਲਈ ਆਪਣਾ ਯੋਗਦਾਨ ਪਾ ਰਹੇ ਹਾਂ। ਇਸ ਮਾਮਲੇ ਵਿੱਚ ਸ਼ੋਸ਼ਲ ਮੀਡੀਆ ਤੇ ਕਚਰਾ ਖਿਲਾਰਨ ਵਾਲ਼ੇ ਵੀ ਪਿੱਛੇ ਨਹੀਂ ਰਹਿੰਦੇ। ਉਹ ਕਾਪੀ ਪੇਸਟ ਦਾ ਪ੍ਰਯੋਗ ਕਰਕੇ ਵਾਤਾਵਰਨ ਨੂੰ ਹੋਰ ਗੰਦਲਾ ਕਰਦੇ ਹਨ। ਕੁਝ ਆਪਣੇ ਤਰੀਕਿਆਂ ਨਾਲ ਆਵਾਜ਼ ਪ੍ਰਦੂਸ਼ਣ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਵਾਤਾਵਰਨ ਦਿਵਸ ਦਾ ਢਿੰਡੋਰਾ ਪਿੱਟਦੇ ਹਨ। ਬਹੁਤੇ ਲੋਕ ਆਪਣੇ ਰੀਤੀ ਰਿਵਾਜਾਂ ਅਤੇ ਧਾਰਮਿਕ ਸ਼ਰਧਾ ਦੀ ਪੂਰਤੀ ਲਈ ਚਲਦੇ ਪਾਣੀ ਨੂੰ ਦੂਸ਼ਿਤ ਕਰਦੇ ਹਨ ਅਤੇ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ। ਪ੍ਰੰਤੂ ਉਹ ਇਹ ਭੁੱਲ ਜਾਂਦੇ ਹਨ ਕਿ ਇਸ ਤਰਾਂ ਕਰਕੇ ਉਹ ਆਪਣੇ ਜਲ ਦੇ ਸਰੋਤਾਂ ਨਦੀ ਨਾਲਿਆਂ ਨਹਿਰਾਂ ਅਤੇ ਦਰਿਆਵਾਂ ਨੂੰ ਦੂਸ਼ਿਤ ਕਰ ਰਹੇ ਹਨ। ਅਸੀਂ ਸਾਡੀਆਂ ਪਵਿੱਤਰ ਨਦੀਆਂ ਗੰਗਾ ਜਮੁਨਾ ਨੂੰ ਨਹੀਂ ਬਖਸ਼ਿਆ। ਗੰਗਾ ਵੀ ਮੈਲੀ ਹੋ ਗਈ। ਸਾਡੇ ਮੂਹਰੇ ਤਾਲਾਬ ਅਤੇ ਖੂਹ ਟੋਬੇ ਕੀ ਹਨ ਅਸੀਂ ਤਾਂ ਸਮੁੰਦਰ ਨੂੰ ਵੀ ਦੂਸ਼ਿਤ ਕਰ ਦਿੱਤਾ। ਪਾਣੀ ਨੂੰ ਦੂਸ਼ਿਤ ਕਰਕੇ ਅਸੀਂ ਪਾਣੀ ਵਾਲੇ ਹਜ਼ਾਰਾਂ ਜੀਵਾਂ ਦਾ ਜਿਉਣਾ ਮੁਹਾਲ ਕਰ ਦਿੱਤਾ ਅਸੀਂ ਜੰਗਲ ਕਟਕੇ ਜੰਗਲੀ ਜੀਵਾਂ ਨੂੰ ਵੀ ਜੰਗਲ ਛੱਡਣ ਲਈ ਮਜਬੂਰ ਕੀਤਾ। ਹਵਾ ਨੂੰ ਦੂਸ਼ਿਤ ਕਰਕੇ ਇਨਸਾਨ ਅਤੇ ਦੂਸਰੇ ਪ੍ਰਾਣੀਆਂ ਨੂੰ ਵੀ ਮੌਤ ਦੇ ਕਰੀਬ ਕਰ ਦਿੱਤਾ।

ਵਾਤਾਵਰਨ ਬਚਾਓ ਦਿਵਸ ਮਨਾਉਣ ਦੀ ਕੋਈਂ ਜਰੂਰਤ ਨਹੀਂ ਸਿਰਫ ਸਾਨੂੰ ਖੁਦ ਨੂੰ ਸੁਚੇਤ ਹੋਣ ਦੀ ਲੋੜ ਹੈ। ਜੇ ਹਰ ਇਨਸਾਨ ਵਾਤਾਵਰਨ ਲਈ ਸੰਜੀਦਾ ਹੋ ਜਾਵੇ ਤਾਂ ਮੇਰੇ ਵਰਗੇ ਨੂੰ ਵੀ ਕੁੱਝ ਲਿਖਣ ਦੀ ਲੋੜ ਨਹੀਂ ਪੈਣੀ।



ਰਮੇਸ਼ ਸੇਠੀ ਬਾਦਲ
9876627233

# ਸ਼ਰੀਰ ਦੇ ਵੱਖ ਵੱਖ ਅੰਗਾਂ ਦੀ ਭਾਸਾ

ਬੋਲੀ ਮਨੁੱਖ ਦਾ ਮੁੱਖ ਗਹਿਣਾਂ ਹੁੰਦੀ ਹੈ, ਚਾਰ ਬੰਦਿਆਂ ਵਿੱਚ ਬੰਦਾ ਮੁਹੋਂ ਕੱਢੇ ਸਬਦਾਂ ਜਰੀਏ ਹੀ ਪਹਿਚਾਣਿਆ ਜਾਂਦਾ ਐ, ਸਾਡਾ ਗੱਲਬਾਤ ਕਰਨ ਦਾ ਸਲੀਕਾ ਹੀ ਦੂਜਿਆਂ ਦੇ ਮਨਾਂ ਵਿਚ ਇਹ ਪ੍ਰਗਟਾਵਾ ਕਰਦਾ ਹੈ ਕਿ ਅਸੀਂ ਕਿਹੋ ਜਿਹੇ ਸੰਸਕਾਰਾਂ ਦੇ ਮਾਲਕ ਹਾਂ ,ਅਸੀਂ ਆਪਣੀ ਬੋਲੀ ਜਰੀਏ ਹੀ ਲੋਕ ਮਨਾਂ ਵਿੱਚ ਵਸ ਸਕਦੇ ਹਾਂ ਤੇ ਬੋਲੀ ਜਰੀਏ ਹੀ ਲੋਕ ਮਨਾਂ ਤੋਂ ਲਹਿ ਸਕਦੇ ਹਾਂ, ਪਰ ਬੋਲਣ ਲਈ ਸਾਡੇ ਕੋਲ ਕੱਲੀ ਜੁਬਾਨ ਹੀ ਨਹੀਂ, ਅਸੀਂ ਸਰੀਰ ਦੇ ਹੋਰ ਵੀ ਵੱਖ ਵੱਖ ਅੰਗਾਂ ਜਰੀਏ ਬੋਲਦੇ ਹਾਂ, ਕਿਸੇ ਦੇ ਦੁੱਖ ਸੁੱਖ ਵਿੱਚ ਸਾਮਲ ਹੋਣ ਉਪਰੰਤ ਸਾਡੇ ਚਿਹਰੇ ਦੇ ਹਾਵ ਭਾਵ ਬੋਲਦੇ ਆ ਕਿ ਸਾਨੂੰ ਖੁਸੀ ਤੇ ਗਮੀ ਉੱਪਰੋਂ ਹੈ ਜਾਂ ਅੰਦਰੋਂ ਇਹ ਹੈ ਸਾਡੇ ਚਿਹਰੇ ਦੀ ਭਾਸਾ, ਖਿਆਲ ਖਿਆਲਾਂ ਨੂੰ ਪੀਂਦੇ ਨੇ ਦਿਲਾਂ ਚੋਂ ਦਿਲਾਂ ਨੂੰ ਰਾਹ ਹੁੰਦੇ ਨੇ, ਅਸੀਂ ਕਿਸੇ ਨਾਲ ਸਾਹਮਣੇ ਬੈਠ ਕੇ ਗੱਲਬਾਤ ਕਰਦੇ ਹੋਈਏ ਤਾਂ ਦੋਵੇਂ ਧਿਰਾਂ ਬੋਲਣ ਤੋਂ ਪਹਿਲਾਂ ਹੀ ਅੱਧੀ ਗੱਲ ਮਹਿਸੂਸ ਕਰ ਲੈਂਦੀਆਂ ਨੇ ਕਿ ਸਾਹਮਣੇ ਵਾਲੇ ਦੇ ਦਿਮਾਗ ਵਿੱਚ ਕੀ ਚੱਲ ਰਿਹਾ ਹੈ, ਇਹ ਹੈ ਸਾਡੇ ਦਿਮਾਗ ਦੀ ਭਾਸਾ,ਕਿਸੇ ਦੂਰ ਬੈਠੇ ਸੱਜਣ ਨੂੰ ਯਾਦ ਕਰਦਿਆਂ ਹੀ ਉਸ ਦੇ ਦਿਲ ਵਿੱਚ ਵੀ ਸਾਡਾ ਖ?ਿਆਲ ਆਵੇਗਾ, ਅਸੀਂ ਉਸ ਨੂੰ ਈਰਖਾ ਜਲਣ ਨਾਲ ਯਾਦ ਕੀਤਾ ਤਾਂ ਨਫਰਤ ਭਰਿਆ ਖਿਆਲ ਆਵੇਗਾ,ਮੋਹ ਨਾਲ ਯਾਦ ਕੀਤਾ ਤਾਂ ਪਿਆਰ ਭਰਿਆ ਖਿਆਲ ਆਵੇਗਾ, ਇਹ ਹੈ ਸਾਡੇ ਦਿਲ ਦੀ ਭਾਸਾ,ਕੁਦਰਤ ਨੇ ਔਰਤਾਂ ਨੂੰ ਇਹ ਗੁਣ ਇਨਸਾਨ ਨਾਲੋਂ ਵੀ ਦੁੱਗਣਾ ਚੌਗਣਾ ਬਖਸਿਆ, ਔਰਤਾਂ ਅੱਖ ਦੇ ਝਪਕੇ ਜਿੰਨੇਂ ਸਮੇਂ ਚ ਪਹਿਚਾਣ ਲੈਂਦੀਆਂ ਕਿ ਇਨਸਾਨ ਦਾ ਕਰੈਕਟਰ ਕਿਹੋ ਜਿਹਾ, ਜਿਸ ਆਦਮੀ ਦੀ ਪਹਿਚਾਣ ਕਰਨੀ ਉਸ ਨੂੰ ਆਪਣੇ ਘਰ ਲੈ ਆਓ,ਘਰ ਚ ਮੌਜੂਦ ਔਰਤ ਸਾਡੀ ਮਾਂ, ਭੈਣ, ਵਾਈਫ ਕੋਈ ਵੀ ਹੋਵੇ, ਪਾਣੀ ਦਾ ਗਿਲਾਸ ਫੜਾਉਣ ਲਈ ਬੁਲਾਓ,ਉਸ ਨੇ ਝੱਟ ਪਹਿਚਾਣ ਲੈਣਾ ਇਸ ਦੀ ਨਿਗ੍ਹਾ ਸਰੀਰ ਦੇ ਕਿਹੜੇ ਅੰਗ ਤੇ ਜਾਦੀ ਐ, ਅਸਲੀਲ ਝਾਕਣੀ ਤੇ ਸਤਿਕਾਰ ਯੋਗ ਝਾਕਣੀ ਨੂੰ ਪਹਿਚਾਣ ਦੀ ਕਲਾ ਕੁਦਰਤ ਨੇ ਔਰਤ ਵਿੱਚ ਕੁੱਟ ਕੁੱਟ ਕੇ ਭਰੀ ਐ ਇਹ ਹੈ ਸਾਡੀਆਂ ਅੱਖਾਂ ਦੀ ਭਾਸਾ।



ਬੂਟਾ ਸਿੰਘ ਭਦੌੜ

## ਬੱਚਤ/ ਕਵਿਤਾ

ਬੱਚਤ ਕਰਨ ਦੀ ਆਦਤ ਪਾਓ,
ਰੋਜ਼ ਕੁਝ ਨਾ ਕੁਝ ਜ਼ਰੂਰ ਬਚਾਓ।
ਮੰਮੀ ਜੇਬ ਖਰਚ ਲਈ ਜੋ ਦੇਵੇ ਪੈਸਾ,
ਉਹ ਸਾਰਾ ਖਰਚ ਕੇ ਨਾ ਮੁਕਾਓ।

ਬੱਚਤ ਦੇ ਪੈਸੇ ਸਾਂਭਣ ਦੇ ਲਈ,
ਜੰਦੇ ਵਾਲੀ ਇਕ ਗੋਲਕ ਲਾਓ।
ਜਦ ਹੋ ਜਾਵੇ 'ਕੱਠਾ ਕਾਫੀ ਪੈਸਾ,
ਚੰਗੀਆਂ ਕਿਤਾਬਾਂ ਬਾਜ਼ਾਰੋਂ ਲਿਆਓ।

ਹਰ ਕਿਤਾਬ ਨੂੰ ਪੜ੍ਹ ਕੇ ਚੱਜ ਨਾਲ,
ਚੰਗੀਆਂ ਗੱਲਾਂ ਨੂੰ ਅਪਣਾਓ।
ਦੇਸ਼ ਦੇ ਗੱਦਾਰਾਂ ਤੇ ਹੱਕਮਾਰਾਂ ਨੂੰ,
ਆਪਣੀ ਅਕਲ ਨਾਲ ਸਬਕ ਸਿਖਾਓ।

ਆਪਣੇ ਦੇਸ਼ ਦਾ ਨਾਂ ਉੱਚਾ ਕਰਕੇ,
ਸਾਰੇ ਜੱਗ 'ਚ 'ਮਾਨ ਜੀ' ਸ਼ੋਭਾ ਪਾਓ।

ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ - 9915803554


ਸ਼ੀਲ
ਸਮਾਧੀ
ਪ੍ਰਗਿਆ
ਨਮੋ: ਬੁਧਾਏ
ਜੈ ਭੀਮ
DHAMMA WAVES
Bhikkhuni Sanghmitta
Topic: Rules of the Nature
कुदरत के असूल
Topic : एक मीडिया के रूप में महाबोधि महाविहार बोधगया पर वर्तमान अपडेट
Sunday
June.8th,2025
at 8 PM
Indian Time
सुरेश पासवान
Guest Speaker : Mr. Suresh Paswan
(Editor WLBS News)
SooD Bhaddi # 94176-88936

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

**ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




**ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ**

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

+44 7878 456484
email:-Samajweekly@gmail.com